# ਵਰਿਆਮ

ਨਵੰਬਰ ੧੯੮੩ ੨/-

## ਮਨੁਖਤਾਵਾਦ ਦੀ ਤਸਵੀਰ

--ਦਿਆਲ ਚੰਦ ਮਿਗਲਾਨੀ—



ਮਨੁਖਤਾਵਾਦ ਦੀ ਚਿਤਰੀ, ਨਵੀਂ ਤਸਵੀਰ ਨਾਨਕ ਨੇ ।
ਸੰਵਾਰੀ ਇਸ ਤਰ੍ਹਾਂ ਸੰਸਾਰ ਦੀ ਤਕਦੀਰ ਨਾਨਕ ਨੇ ।

ਪੁਰਾਣੀ ਫੁੱਟ ਦੇ ਫੱਟਾਂ ਤੇ ਮਲ੍ਹਮਾਂ ਬਣ ਕੇ ਜੋ ਲੱਗੇ ।
ਚਲਾਏ ਏਕਤਾ ਤੇ ਪਿਆਰ ਦੇ ਉਹ ਤੀਰ ਨਾਨਕ ਨੇ ।

ਝਰੀਟਾਂ ਮੇਟ ਕੇ ਭਰਮਾਂ ਦੀਆਂ ਤੇ ਪੋਚ ਕੇ ਦੁਬਿਧਾ ।
ਲਿਖੀ ਸੋਚਾਂ ਤੇ 'ਇਕ ਓਂਕਾਰ' ਦੀ ਤਹਿਰੀਰ ਨਾਨਕ ਨੇ ।

ਉਦ੍ਹੀ ਰਸ-ਭਿੰਨੜੀ ਬਾਣੀ, ਬਣਾਏ ਰਾਕਸ਼ਸ਼ ਬੰਦੇ ।
ਮਿਟਾ ਕੇ ਕੌੜ, ਮਿੱਠਤ ਦੀ ਭਰੀ ਤਾਸੀਰ ਨਾਨਕ ਨੇ ।

ਕਰਮ ਕਲਜੁਗ ਤੇ ਕੀਤਾ ਆਣ ਕੇ ਕਾਲੂ ਦੇ ਪੁੱਤਰ ਨੇ ।
ਮਿਟਾਇਆ ਵੈਰ ਜਗ ਤੋਂ, ਨਾਨਕੀ ਦੇ ਵੀਰ ਨਾਨਕ ਨੇ ।

'ਜੁਗਾਂ ਤੋਂ ਜਕੜ ਕੇ ਰੱਖੀ ਸੀ ਜਿਸ ਨੇ ਜਾਨ ਆਦਮ ਦੀ ।
ਉਹ ਤੋੜੀ ਵਿਤਕਰੇ ਤੇ ਵਹਿਮ ਦੀ ਜ਼ੰਜੀਰ ਨਾਨਕ ਨੇ ।

ਉਹ ਮਾਲਾ-ਮਾਲ ਹੋ ਗਏ ਲੋਕ ਤੇ ਪਰਲੋਕ ਦੋਹਾਂ ਵਿਚ ।
ਜਿਨ੍ਹਾਂ ਦੇ ਨਾਮ ਲਾਈ ਨਾਮ ਦੀ ਜਾਗੀਰ ਨਾਨਕ ਨੇ ।

ਵਿਖਾ ਕੇ ਰੱਤ ਚੋਂਦੀ ਵਿਹਲੜਾਂ ਦੇ ਮਾਲ-ਪੂੜੇ 'ਚੋਂ ।
ਵਧਾਈ ਕਿਰਤ ਕਰਕੇ ਖਾਣ ਦੀ ਤੌਕੀਰ ਨਾਨਕ ਨੇ ।

ਗੁਰੂ ਨਾਨਕ ਦੀਆਂ ਨੇ ਬਖਸ਼ਸ਼ਾਂ ! ਸਭ ਆਖਦੇ ਹਿੰਦੂ ।
ਤੇ ਮੁਸਲਿਮ ਕਹਿਣ : ਕੀਤੀ ਮਿਹਰ ਸਾਡੇ ਪੀਰ ਨਾਨਕ ਨੇ ।

ਅਮਲ ਚੰਗੇ, ਸਚਾਈ, ਪਿਆਰ, 'ਸੇਵਾ ਵੰਡ ਕੇ ਛਕਣਾ ।
ਇਹ ਦੱਸੀ ਨੇਕ ਜੀਵਨ ਜਿਉਣ ਦੀ ਤਦਬੀਰ ਨਾਨਕ ਨੇ ।

(ਨਵੀਂ ਛਪੀ ਪੁਸਤਕ [illegible] ਵਿਚੋਂ)

Sri Satguru Jagjit Singh Ji Elibrary NamdhariElibrary@gmail.com

ਵਰਿਆਮ ਨਵੰਬਰ ੧੯੯੩

ਜਿਲਦ ਨੰ: ੯ ਅੰਕ ਨੰ: ੧

ਸੰਪਾਦਕ ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ : ੨-੦੦ ਰੁਪਿਆ
ਸਾਲਾਨਾ ਚੰਦਾ ਦੇਸ : ੨੦ ਰੁਪਏ
„ „ ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
„ „ ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ



ਦਫਤਰ ਦਾ ਪਤਾ : ਮਾਸਕ ਵਰਿਆਮ. ਲਾਡੋਵਾਲੀ ਰੋਡ ਜਲੰਧਰ—੧੪੪੦੦੧. ਫੋਨ ੭੨੫੦੪ ਪੀ. ਪੀ

Office Address
Monthly WARIAM
(Punjabi)
Ladowali Road
Jalandhar-144001
Phone : 72504 PP


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

### ਨੌਵਾਂ ਸਾਲ

ਇਸ ਅੰਕ ਦੇ ਨਾਲ ਵਰਿਆਮ ਨੌਵੇਂ ਸਾਲ ਵਿਚ ਪਰਵੇਸ਼ ਕਰ ਰਿਹਾ ਹੈ। ਪਿਛਲੇ ਅਠ ਸਾਲਾਂ ਦੇ ਸਮੇਂ ਤੇ ਝਾਤ ਮਾਰਦਿਆਂ ਕੁਝ ਪਲ ਬਹੁਤ ਮਾਨ ਵਾਲੇ ਅਤੇ ਕੁਝ ਸ਼ਿਕਵਿਆਂ ਭਰੇ ਦਿਸਦੇ ਹਨ। ਏਨਾ ਸਮਾਂ ਬਗੈਰ ਸਰਕਾਰੀ ਸਹਾਇਤਾ ਦੇ ਚਲਣ ਨੇ ਸਾਨੂੰ ਕੁਝ ਕੁ ਮਾਨ ਮੱਤੇ ਵੀ ਬਣਾਇਆ ਹੈ। ਆਮ ਸਾਧਾਰਨ ਪਾਠਕ ਨੇ ਸਾਨੂੰ ਬਹੁਤ ਪਿਆਰ ਦਿਤਾ ਹੈ ਅਤੇ ਆਸ਼ੀਰਵਾਦ ਵੀ। ਪਾਠਕ ਸਾਥੋਂ ਬਹੁਤ ਕੁਝ ਹੋਰ ਦੀ ਵੀ ਆਸ ਕਰਦਾ ਹੈ। ਸਾਡੇ ਪਾਠਕ ਦੀ ਥਾਂ ਸਾਡੇ ਹਿਰਦੇ ਦੇ ਧੁਰ ਅੰਦਰ ਹੈ ਅਤੇ ਸਾਡੀ ਆਪਣੀ ਕਮਾਨਾ ਵੀ ਇਹ ਹੈ ਕਿ ਅਸੀਂ ਉਸ ਦੀ ਆਸ ਤੋਂ ਦੂਣ ਸਵਾਇਆ ਪੇਸ਼ ਕਰੀਏ। ਇਸ ਮੰਤਵ ਵਾਸਤੇ ਅਸੀਂ ਸਦਾ ਹੀ ਕੋਈ ਨਾ ਕੋਈ ਹੀਲਾ ਕਰਦੇ ਹੀ ਰਹਿਦੇ ਹਾਂ। ਅਸੀਂ ਸਮਝਦੇ ਹਾਂ ਕਿ ਵਰਿਆਮ ਪਾਠਕਾਂ ਦੀਆਂ ਅਸੀਸਾਂ ਅਤੇ ਸਤਿਗੁਰੂ ਜੀ ਦੀ ਰਹਿਮਤ ਸਦਕਾ ਹੀ ਬਹੁਤ ਸਾਰੀਆਂ ਹਨੇਰੀਆਂ ਅਸੀਂ ਝਲ ਸਕੇ ਹਾਂ। ਵਧਦੇ ਖਰਚਿਆਂ ਅਤੇ ਨਿਤ ਘਟਦੇ ਮਾਇਕ ਸ੍ਰੋਤਾਂ ਦੇ ਸੰਘਰਸ਼ ਵਿਚ ਡੁਬਦੇ ਤਰਦੇ ਹੋਣ ਦੇ ਬਾਵਜੂਦ ਵਰਿਆਮ ਨੂੰ ਪ੍ਰਫੁਲਤ ਕਰਨ ਦੀ ਰੀਝ ਵਿਚ ਘਾਟ ਨਹੀਂ ਆਈ। ਨੌਵੇਂ ਸਾਲ ਵਿਚ ਪ੍ਰਵੇਸ਼ ਕਰਦਿਆਂ ਹੋਇਆਂ ਆਪਣੇ ਪਾਠਕਾਂ ਪਿਆਰਿਆਂ ਅਤੇ ਸੁਪਰਸਤਾਂ ਦਾ ਧੰਨਵਾਦ ਕਰਦੇ ਹੋਏ ਇਕ ਬੇਨਤੀ ਕਰਨਾ ਚਾਹਾਂਗੇ ਕਿ ਜਿਸ ਬੂਟੇ ਨੂੰ ਤੁਸਾਂ ਪਿਆਰਿਆ ਅਤੇ ਅਪਨਾਇਆ ਹੈ ਉਸ ਦੀ ਨਿਗਾਹਬਾਨੀ ਕਰਨੀ ਵੀ ਤੁਹਾਡਾ ਫਰਜ਼ ਹੈ। ਵਰਿਆਮ ਪਰਿਵਾਰ ਨੂੰ ਹੋਰ ਵਧਾਉਣ ਵਾਸਤੇ ਤੁਸੀਂ ਜਤਨਸ਼ੀਲ ਹੋਵੋ ਅਤੇ ਇਸ ਦੇ ਹੋਰ ਮੈਂਬਰ ਬਨਾਉਣ ਵਾਸਤੇ ਲਕ ਬੰਨ੍ਹੋ। ਸਾਡੀ ਮਾਇਕ ਸਥਿਤੀ ਇਹ ਆਗਿਆ ਨਹੀਂ ਦਿੰਦੀ ਕਿ ਅਸੀਂ, ਵਰਿਆਮ ਪਿਆਰ ਵਿਚ ਮਸਤ ਹੋਏ ਅਤੇ ਚੰਦਾ ਦੇਣ ਤੋਂ ਭੁਲੇ ਮੈਂਬਰਾਂ ਨੂੰ ਲਗਾਤਾਰ ਪਰਚਾ ਜਾਰੀ ਰੱਖ ਸਕੀਏ। ਇਸ ਵਾਸਤੇ ਜੇ ਪਰਬੰਧਕ ਅਜਿਹੀ ਹਾਲਤ ਵਿਚ ਤੁਹਾਨੂੰ ਪਰਚਾ ਭੇਜਣਾ ਬੰਦ ਕਰਨ ਤੇ ਮਜਬੂਰ ਹੋ ਜਾਣ ਤਾਂ ਗੁਸਾ ਨਹੀਂ ਕਰਨਾ ਜੀ। ਇਸ ਸਮੇਂ ਪਰਚਾ ਬੰਦ ਕਰਨਾ ਹੀ ਵਰਿਆਮ ਦੀ ਸੁਰੱਖਿਆ ਵਾਸਤੇ ਜ਼ਰੂਰੀ ਹੋਵੇਗਾ।

ਜ਼ਿਆਦਾ ਮੈਂਬਰ ਬਣਾ ਕੇ, ਅਤੇ ਇਸ਼ਤਿਹਾਰ ਦੇ ਕੇ ਵਰਿਆਮ ਦੀ ਸੁਰੱਖਿਆ ਵਿਚ ਹੱਥ ਵਟਾਵੋ।

ਨੌਵੇਂ ਸਾਲ ਵਿਚ ਪਰਵੇਸ਼ ਕਰਦਿਆਂ ਏਨੀ ਕੁ ਆਸ ਤੁਹਾਥੋਂ ਜ਼ਰੂਰ ਕਰਦੇ ਹਾਂ।

—ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

IATA

# GOLDEN HOLIDAYS

## To

## Thailand, Malayasia, Singapore
## Hongkong, Japan, Europe & U. S. A.

*TRAVEL WITHOUT WORRY*
*TRAVEL THE KWICK WAY*

*We assist in Passports, Visas,*
*Planning your itineraries Reservations,*
*Air Tickets—International*
*& Domestic,*
*Hotels & Car Hire,*

*for all your Travel & Tour requirements*

*Contat :*

**Kwick TRAVELS PVT. LTD.**
2108, DESH BANDHU GUPTA ROAD.
KAROL BAGH, NEW DELHI - 110005 (INDIA)
Phones : 562588, 569206, 579646, 579648

Cable : KWICKAIR.





Sri Satguru Jagjit Singh Ji Elibrary NamdhariElibrary@gmail.com

# ਪ੍ਰਤੀਕ੍ਰਿਆ

ਅਕਤੂਬਰ, ੯੩ ਦੇ 'ਵਰਿਆਮ' ਵਿਚ ਛਪੇ ਤੁਹਾਡੇ ਲੇਖ "ਬੈਂਕੌਕ ਸੰਮੇਲਨ ਤੇ ਕੂਕੇ" ਪੜ੍ਹਨ ਪਿਛੋਂ ਕੁਝ ਲਿਖਣ ਨੂੰ ਜੀ ਕਰ ਆਇਆ ਹੈ, ਇਸ ਤੋਂ ਪਹਿਲਾਂ ਵੀ ਇਸ ਸੰਮੇਲਨ ਬਾਰੇ ਲਿਖੇ ਡਾ: ਰਣਧੀਰ ਸਿੰਘ 'ਚੰਦ' ਡਾ: ਸ: ਸ: ਉੱਪਲ, ਗੁਰਮੁਖ ਸਿੰਘ 'ਜੀਤ' ਹਰਿਭਜਨ ਸਿੰਘ 'ਰਤਨ' ਆਦਿ ਦੇ ਲੇਖ ਮੈਂ ਪੜ੍ਹੇ ਹਨ। ਤੁਸੀਂ ਸਤੰਬਰ, ੯੩ ਵਿਚ ਕੀ ਲਿਖਿਆ ਸੀ, ਮੈਂ ਨਹੀਂ ਪੜ੍ਹ ਸਕਿਆ ਸਾਂ ਕਿਉਂਕਿ ਮੈਨੂੰ ਇਹ ਪਰਚਾ ਮਿਲਿਆ ਨਹੀਂ ਸੀ ਤੇ ਜਤਨਾਂ ਦੇ ਬਾਵ-ਜੂਦ ਕਿਸੇ ਦੋਸਤ-ਮਿੱਤ੍ਰ ਤੋਂ ਵੀ ਨਾਂਹ ਪ੍ਰਾਪਤ ਹੋ ਸਕਿਆ।

ਹੈ ਤਾਂ ਇਹ ਸੰਦਰਭ ਤੋਂ ਥੋੜਾ ਪਰੇ ਦੀ ਗੱਲ ਪਰ ਮੈਂ ਆਖਾਂਗਾ ਜ਼ਰੂਰ। ਮੈਂ ਮਹਿਸੂਸ ਕਰਦਾ ਹਾਂ ਕਿ ਕੈਨੇਡਾ, ਇੰਗਲੈਂਡ ਜਾਂ ਬੈਂਕੌਕ ਵਿਚ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਪੰਜਾਬੀ ਬੋਲੀ ਸਾਹਿੱਤ ਤੇ ਸਭਿਆਚਾਰ ਸਾਹਮਣੇ ਪੇਸ਼ ਸਮੱ-ਸਿਆਵਾਂ ਦਾ ਕੁਝ ਵੀ ਨਹੀਂ ਸਵਾਰ ਸਕਦੀਆਂ, ਦਿਲੀ ਹਰਿਆਣੇ ਜਾਂ ਹਿਮਾਚਲ ਵਿਚ ਪੰਜਾਬੀ ਦੀਆਂ ਵਿਕਰਾਲ ਸਮੱਸਿਆਵਾਂ ਨੂੰ ਅੱਖੋਂ ਓਹਲੇ ਕਰਕੇ ਬਾਹਰ ਭੱਜਣ ਦਾ ਕੀ ਫਾਇਦਾ? ਇਹ ਲੋਕ ਪਹਿਲਾਂ ਇਹਨਾਂ ਗੱਲਾਂ ਨੂੰ ਨਜਿੱਠ ਲੈਣ, ਫੇਰ ਜੀ ਸਦਕੇ, ਕੌਮਾਂਤਰੀ ਪੱਧਰ ਤੇ ਪੰਜਾਬੀ ਸਾਹਿਤ ਤੇ ਸਭਿਆਚਾਰ ਦੀਆਂ ਗੱਲਾਂ ਕਰਨ, ਦੂਜੇ, ਮੈਂ ਸਮਝਦਾ ਹਾਂ ਕਿ ਇਹ ਕਾਨਫਰੰਸਾਂ ਰੀਸੋ-ਰੀਸੀ ਹੋ ਰਹੀਆਂ ਹਨ, ਹਡਨਲ ਨੇ ਇਕ ਥਾਂ ਲਿਖਿਆ ਹੈ ਕਿ ਅਸੀਂ ਕਿਤਾਬਾਂ ਬਾਰੇ ਕਿਤਾਬਾਂ ਤੇ ਫੇਰ ਅਗੋਂ ਕਿਤਾਬਾਂ ਬਾਰੇ ਕਿਤਾਬਾਂ ਤਾਂ ਪੜ੍ਹਦੇ ਹਾਂ ਪਰ ਮੂਲ ਕਿਤਾਬਾਂ ਨਹੀਂ ਪੜ੍ਹਦੇ। ਏਸੇ ਤਰ੍ਹਾਂ ਅਸੀਂ ਕਾਨਫਰੰਸ ਉਤੇ ਕਾਨਫਰੰਸਾਂ ਤਾਂ ਕਰੀ ਜਾ ਰਹੇ ਹਾਂ ਪਰ ਆਪਣੇ ਹੀ ਦੇਸ਼ ਵਿਚ ਪੇਸ਼ ਮੂਲ ਸਮੱਸਿਆਵਾਂ ਉਤੇ ਏਨਾ ਧਿਆਨ ਨਹੀਂ ਦੇ ਰਹੇ। ਇਸ ਵਿਚ ਰਸ਼ਕ ਵੀ ਹੈ, ਹਸਦ ਵੀ, ਜੋੜ-ਤੋੜ ਵੀ ਤੇ ਹੋੜ ਵੀ।

ਬੈਂਕੌਕ ਵਿਕ ਹੋਈ ਕਾਨਫਰੰਸ ਲਈ ਮੈਂ ਵੀ ਪੰਜਾਹ ਰੁਪਏ ਮੈਂਬਰਸ਼ਿਪ ਫੀਸ ਦਿਤੀ ਸੀ, ਮੇਰੇ ਕੁਝ ਮਿੱਤਰ ਤੇ ਮਿਹਰਬਾਨ ਜਿਵੇਂ ਜਸਟਿਸ ਮਹਿੰਦਰ ਸਿੰਘ 'ਜੋਸ਼ੀ' ਪਿਆਰਾ ਸਿੰਘ 'ਦਾਤਾ' ਡਾ: ਕਾਂਗ, ਡਾ: ਹਮਰਾਹੀ, ਹਰਿਭਜਨ ਸਿੰਘ 'ਰਤਨ' ਆਦਿ ਜਾ ਰਹੇ ਸਨ, ਮੇਰਾ ਜੀ ਵੀ ਔਖੇ-ਸੌਖੇ ਜਾਣ ਨੂੰ ਕਰ ਆਇਆ ਸੀ, ਪਰ ਫੇਰ ਮਨ ਨੇ ਆਖਿਆ ਮੂਰਖਾ ਜਦੋਂ ਤੂੰ ਇਹ ਮਹਿਸੂਸ ਕਰਦਾ ਏਂ ਕਿ ਬੈ ਹੋਣ ਵਾਲੀ ਤੀਜੀ ਵਿਸਵ ਕਾਨਫਰੰਸ ਨਾਲ ਪੰਜਾਬੀ ਪੇਸ਼ ਏਥੋਂ ਦੀਆਂ ਸਮਸਿਆਵਾਂ ਦਾ ਕੁਝ ਨਸੀਂ ਸੌਰਨਾ, ਫੇਰ ਕਰਨ ਕੀ ਚੱਲਿਆ ਏਂ? ਹਾਂ, ਤਫਰੀਹ ਕਰਨ ਵੀ. ਸੀ. ਆਰ. ਲਿਆਉਣ ਦੀ ਲਾਲਸਾ ਮੈਨੂੰ ਵੀ ਸੀ ਅੰਦਰਲੇ ਨੇ ਹਾਮੀ ਨਹੀਂ ਭਰੀ, ਜੇ ਮੈਂ ਕਹਾਂ ਕਿ ਪੰਜਾਬੀ ਦੇ ਲੇਖਕ ਤੇ ਪਿਆਰੇ ਕੇਵਲ ਇਹਨਾਂ ਗੱਲਾਂ ਵਾ ਗਏ ਸਨ ਤਾਂ ਗਲਤ ਹੋਵੇਗਾ, ਪਰ ਬਹੁਤੇ ਇੰਜ ਹੀ ਸਨ। ਨਾਂਹ ਹੀ ਮੈਂ ਉੱਥੇ ਨਾਂਹ ਜਾ ਕੇ ਆਪਣੇ ਆ ਆਦਰਸ਼ਿਆ ਰਿਹਾ ਹਾਂ। ਮੈਂ ਤਾਂ ਕੇਵਲ ਇਹ ਕਿ ਚਾਹੁੰਦਾ ਹਾਂ ਕਿ ਇਸ ਕਾਨਫਰੰਸ ਉੱਤੇ ਜਾਣ ਵਾਲਿਆਂ ਕਿ ਬਹੁਤੇ ਪੰਜਾਬੀ ਕਾਨਫਰੰਸ ਤੇ ਨਹੀਂ ਗਏ ਸਨ ਸਗੋਂ ਸਾ ਇਕੱਠਾ ਕਰਨ ਗਏ ਸਨ, ਇਹਨਾਂ ਨੂੰ ਕੀ ਫਰਕ ਪੈਂਦਾ ਸ ਉੱਥੇ ਕੂਕੇ ਬਹੁਤੇ ਸਨ ਜਾਂ ਦੂਜੇ।

ਰਿਹਾ ਬੈਂਕੌਕ ਕਾਨਫਰੰਸ ਵਿਚ ਕੂਕਿਆਂ ਦਾ ਯੋ ਦਾਨ ਤੇ ਇਸ ਪ੍ਰਤੀ ਵਖ ਵਖ ਪ੍ਰਤੀਕਰਮ, ਮੈਂ ਜ਼ਰਾ ਸਪ ਸ਼ਬਦਾਂ ਵਿਚ ਆਖਾਂਗਾ। ਇਸ ਕਾਨਫਰੰਸ ਦੇ ਰੂਹੇ-ਰਵ ਹੰਸਪਾਲ ਜੀ ਸਨ ਤੇ ਉਹ ਲਗਾਤਾਰ ਭਜ ਨਠ ਕਰ ਸਨ। ਜਿਥੋਂ ਤੀਕ ਮੈਨੂੰ ਪਤਾ ਹੈ, ਇਹਨਾਂ ਨੂੰ ਅੱਗੇ ਲਿਆਂ ਗਿਆ ਸੀ, ਤੇ ਫੇਰ ਜਿਸ ਕੰਪਨੀ ਰਾਹੀ ਟਿਕਟਾਂ ਲਈ ਗਈਆਂ ਸਨ ਤੇ ਇਹਨਾਂ ਟਿਕਟਾਂ ਉੱਤੇ ਰਿਆਇਤ ਮਿ ਸੀ, ਉਹ ਵੀ ਕੂਕਿਆਂ ਦੀ, (ਭਾਵੇਂ ਇਹ ਹੋਰ ਦੀ ਹੋ ਸਕ ਸੀ)। ਤੇ ਫੇਰ ਜਿਸ ਸ਼ਾਨਦਾਰ ਹੋਟਲ ਵਿਚ ਮਹਿਮਾਨਾਂ ਠਹਿਰਣ ਦਾ ਇੰਤਜ਼ਾਮ ਕੀਤਾ ਗਿਆ ਤੇ ਉਹ ਵੀ ਮੁਫਤ ( ਹੋਟਲ ਵੀ ਕੂਕਿਆਂ ਦਾ ਸੀ, ਤੇ ਫੇਰ ਜੇ ਉਸ ਕਾਨਫ ਵਿਚ ਕੂਕੇ ਆਣ ਹਾਜ਼ਰ ਹੋਏ ਤਾਂ ਕੀ ਆਫ਼ਤ ਆ ਗਈ ਬਹੁਤ ਸਾਰੇ ਲੇਖਕਾਂ ਨੂੰ ਜਾਣ ਤੋਂ ਪਹਿਲਾਂ ਹੀ ਪਤਾ ਲ ਗਿਆ ਸੀ ਕਿ ਇਸ ਕਾਨਫਰੰਸ ਦੀ ਬਹੁਤੀ ਜ਼ਿੰਮੇਵਾ ਕੂਕਿਆਂ ਦੇ ਸਿਰ ਹੈ। ਉਹ ਨਾਂਹ ਜਾਂਦੇ। ਤੇ ਫੇਰ ਕੀ ਇ ਕੂਕੇ ਪੰਜਾਬੀ ਨਹੀਂ? ਇਹਨਾਂ ਨੂੰ ਪੰਜਾਬੀ ਸਾਹਿਤ ਸਭਿਆਚਾਰ ਨਾਲ ਪਿਆਰ ਨਹੀਂ? ਪਹਿਲੀ ਜਾਂ ਦੂ ਕਾਨਫਰੰਸ ਵਿਚ ਤਾਂ ਕੂਕੇ ਨਹੀਂ ਸਨ ਤਾਂ ਵੀ ਬਹੁਤੇ ਲੋ ਜਦੋਂ ਕਾਨਫਰੰਸਾਂ ਵਿਚ ਸ਼ਾਮਿਲ ਹੋਣ ਤੋਂ ਪਿਛੋਂ ਅ ਉਥੋਂ ਦੀਆਂ ਗਲਾਂ ਦਸਦੇ ਸਨ ਤਾਂ ਇਹਨਾਂ "ਸੂਰਮੇ ਪੰਜਾ ਲੇਖਕਾਂ ਤੇ ਤਰਸ ਅਉਂਦਾ ਸੀ। ਰਹੀ ਗੱਲ ਕੁਝ ਇਲਜ਼ਾ ਦੀ ਕੌਣ ਕਿੰਨੇ ਪੈਸੇ ਖਾ ਗਿਆ? ਕੌਣ ਬਿਨਾਂ ਪੈਸੇ ਖਰਚਿ ਬੈਂਕੌਕ ਪਹੁੰਚ ਗਿਆ? ਇਸ ਕਾਨਫਰੰਸ ਵਿਚ ਕਿੰਨੇ ਲੇਖ



Sri Satguru Jagjit Singh Ji Elibrary NamdhariElibrary@gmail.com

ਸਨ ਤੇ ਕਿੰਨੇ ਨਾਨ-ਲੇਖਕ ? ਇਹ ਇਲਜ਼ਾਮ ਦੂਜੀਆਂ ਕਾਨਫਰੰਸਾਂ ਤੇ ਵੀ ਲੱਗੇ ਹਨ; ਕੋਈ ਨਵੇਂ ਨਹੀਂ, ਜਿਹੜਾ ਕਿਸੇ ਵੀ ਕਾਰਣ ਥੋੜੀ-ਬਹੁਤ ਅਸੁਵਿਧਾ ਵਿਚ ਪੈ ਗਿਆ ਉਸ ਨੇ ਗਾਲਾਂ ਕਢਣ ਤੇ 'ਤੋਹਮਤਾਂ' ਲਾਉਣਾ ਆਪਣਾ ਫਰਜ਼ ਸਮਝਿਆ ਹੈ। ਮੈਨੂੰ ਤਾਂ ਦੁੱਖ ਕੇਵਲ ਇਸ ਗਲ ਦਾ ਹੈ ਕਿ ਪ੍ਰਬੰਧਕਾਂ ਨੇ ਤਾਂ ਵਧ-ਘਟ ਸੁਣਨਾ ਹੀ ਸੀ ਪਰ ਕੂਕੇ ਵੀਰਾਂ ਨੂੰ ਵੀ ਲੋਕਾਂ ਦੱਬ ਕੇ ਧਰਿਆ ਹੈ, ਏਥੇ ਮੈਂ ਸਪਸ਼ਟ ਕਰਦਿਆਂ ਮੈਂ ਨਾਂਹ ਤਾਂ ਆਪ ਕੂਕਾ ਹਾਂ ਤੇ ਨਾਂਹ ਹੀ ਸਾਰੀਆਂ ਗੱਲਾਂ ਵਿਚ ਉਹਨਾਂ ਨਾਲ ਸਹਿਮਤੀ ਰਖਦਾ ਹਾਂ, ਤਾਂ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਉਹਨਾਂ ਦੇ ਸ਼ਾਨਦਾਰ ਯੋਗਦਾਨ ਦੇਣ ਦੇ ਬਾਵਜੂਦ ਉਹਨਾ ਵਿਰੁਧ ਏਨਾ ਕੁਝ ਲਿਖਿਆ ਜਾ ਰਿਹਾ ਹੈ।

ਅਗਲੀ ਕਾਨਫਰੰਸ ਦਿਲੀ ਵਿਚ ਹੋਣ ਜਾ ਰਹੀ ਹੈ, ਇਸ ਵਿਚ ਕੂਕੇ ਵੀਰਾਂ ਦਾ ਅਜੇਹਾ ਭਰਵਾਂ ਯੋਗਦਾਨ ਸ਼ਾਇਦ ਨਾ ਹੋਵੇ, ਤਾਂ ਵੀ ਹੁਣੇ ਹੀ ਤੋਂ ਇਸ ਕਾਨਫਰੰਮ ਬਾਰੇ ਅਜਿਹੇ ਲੇਖ ਛਪਣੇ ਸ਼ੁਰੂ ਹੋ ਗਏ ਹਨ ਜਿਨਾਂ ਤੋਂ ਜਾਪਦਾ ਹੈ ਕਿ ਇਸ ਕਾਨਫਰੰਸ ਪਿਛੋਂ ਵੀ ਬੜੇ ਲੋਕ ਅ-ਸੰਤੁਸ਼ਟ ਹੋਣਗੇ ਤੇ ਰੱਜ ਕੇ ਆਲੋਚਨਾ ਕਰਨਗੇ। ਦਿਲੀ ਵਾਲੀ ਕਾਨਫਰੰਸ ਦੇ ਨਤੀਜੇ ਕੀ ਹੋਣਗੇ, ਇਹ ਤਾਂ ਭਵਿੱਖ ਹੀ ਦਸੇਗਾ ਤਾਂ ਵੀ ਪ੍ਰਬੰਧਕਾਂ ਦਾ ਇਹ ਜਤਨ ਹੋਵੇਗਾ ਕਿ ਇਸ ਕਾਨਫਰੰਸ ਨੂੰ ਬੈਂਕੋਕ ਵਾਲੀ ਕਾਨਫਰੰਸ ਤੋਂ ਕਿਤੇ ਵਧ ਸ਼ਾਨੋ-ਸ਼ੌਕਤ ਨਾਲ ਕੀਤਾ ਜਾਵੇ, ਇਕ ਤਸੱਲੀ ਜ਼ਰੂਰ ਹੈ, ਇਹ ਕਾਨਫਰੰਸ ਸਾਡੇ ਦੇਸ਼ ਵਿਚ ਤਾਂ ਹੋ ਰਹੀ ਹੈ ਨਾ। ਪਰ ਕੀ ਇਸਦੇ ਪ੍ਰਬੰਧਕ ਵਾਹੂ ਨੁਕਤਾਚੀਨੀ ਤੋਂ ਬਚ ਸਕਣਗੇ ?

ਦੂਜੀ ਗੱਲ ਮੈਂ ਆਸਫ਼ ਸ਼ਾਹਕਾਰ ਦੇ ਪਰਚੇ ਬਾਰੇ ਆਖਣੀ ਹੈ। ਅਮਰ ਭਾਰਤੀ ਜੀ ਨੇ ਆਪਣੇ ਲੇਖ ਪੰਜਾਬੀ-ਅਤ ਤੇ ਪੰਜਾਬੀ ਵਿਚ'' ਇਸ ਦਾ ਹਵਾਲਾ ਦਿੰਦਿਆਂ ਸਪਸ਼ਟ ਕੀਤਾ ਹੈ ਕਿ ਆਸਫ਼ ਸ਼ਾਹਕਾਰ ਮਹਾਰਾਜਾ ਰਣਜੀਤ ਸਿੰਘ ਭਗਤ ਸਿੰਘ ਤੇ ਕਰਤਾਰ ਸਿੰਘ 'ਸਰਾਭਾ' ਨੂੰ ਪੰਜਾਬੀ ਹੀਰੋ ਹੀ ਨਹੀਂ ਮੰਨਦਾ, ਇਹਨਾਂ ਨੂੰ ਹੀਰੋ ਨਾਂਹ ਮੰਨਣ ਵਾਲੇ ਇਸਲਾਮੀ ਪੰਜਾਬੀਅਤ ਦੇ ਪੈਰੋਕਾਰ ਹਨ। ਮੈਂ ਪੁੱਛਣਾ ਚਾਹਾਂਗਾ ਕੀ ਪੰਜਾਬੀਅਤ ਵੀ ਇਸਲਾਮੀ ਹਿੰਦੁਸਤਾਨੀ, ਅਮਰੀਕਨ, ਕੈਨੇਡੀਅਨ ਜਾਂ ਬੈਂਕੋਕੀ ਹੋ ਸਕਦੀ ਹੈ ? ਏਨਾਂ ਤੰਗ ਨਜ਼ਰੀਆ ਤੋਬਾ ! ਤੋਬਾ !!

ਤੁਹਾਡਾ—ਅਜੀਤ ਸਿੰਘ, (ਡਾ)
ਦਿੱਲੀ।

ਤੁਹਾਡਾ ਅਗਸਤ-ਸਤੰਬਰ ਅੰਕ ਮਿਲਿਆ। ਸਾਰਾ ਪੜ੍ਹਿਆ ਅੰਕ ਆਪਣੀ ਮਿਸਾਲ ਆਪ ਹੈ। ਤੁਸੀਂ ਬੈਂਕੋਕ ਵਿੱਚ ਹੋਈ ਪੰਜਾਬੀ ਕਾਨਫਰੰਸ ਦਾ ਸਾਰਾ ਦ੍ਰਿਸ਼ ਤਸਵੀਰਾਂ ਰਾਹੀ ਅਤੇ ਕਲਮ ਰਾਂਹੀ ਲਿਖਕੇ ਸਾਨੂੰ ਪੰਜਾਬ ਬੈਠਿਆਂ ਨੂੰ ਇਹ ਨਜ਼ਾਰਾ ਅੱਖੀ ਵਿਖਾ ਦਿਤਾ ਹੈ। ਧੰਨਵਾਦ। ਬੈਂਕੋਕ ਦੇ ਲੋਕਾਂ ਦਾ ਜੀਵਨ, ਰਹਿਣ-ਸਹਿਣ, ਆਵਾਜਾਈ ਦੇ ਸਾਧਨ, ਬੁੱਧ ਧਰਮ ਦੀ ਪ੍ਰਧਾਨਤਾ, ਆਦਿਕ ਪੜਕੇ ਜਾਣ-ਕਾਰੀ ਵਿੱਚ ਵਾਧਾ ਹੋਇਆ ਹੈ। ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਹੜੇ ਅਜਿਹੇ ਐਸ਼ੋ ਇਸ਼ਰਤ ਦੇ ਲੋਕਾਂ ਵਿਚੋਂ ਆਪਣੇ ਸੇਵਕਾਂ ਨੂੰ ਹੱਥ ਦੇ ਕੇ ਰੱਖਦੇ ਹਨ। ਜਿਸਦੇ ਫਲ ਸਰੂਪ ਅੱਜ ਬੈਕਾਂਕ ਵਿੱਚ ਨਾਮਧਾਰੀ ਸੰਗਤ ਦਾ ਬੋਲ ਬਾਲਾ ਹੈ। ਪੰਜਾਬੀ ਕਾਨਫਰੰਸ ਸਮੇਂ ਬਿਦੇਸ਼ੀ ਪ੍ਰਾਹੁਣਿਆਂ ਦੀ ਰੱਜ ਕੇ ਸੇਵਾ ਕਰਨੀ ਬੈਂਕਾਕ ਵਾਸੀ ਨਾਮਧਾਰੀਆਂ ਦਾ ਪ੍ਰਸ਼ੰਸਾ ਯੋਗ ਉੱਦਮ ਹੈ।

''ਮੇਰਾ ਨਾਅ ਐ ਜੀ'' ਲੇਖ ਨੂੰ ਪੜ੍ਹਕੇ ਕਾਨਫਰੰਸ ਵਿੱਚ ਪੁੱਜੇ ਡੈਲੀਗੇਟਾਂ ਦੀ ਵਾਕਫੀਅਤ ਸੁਭਾਵਿਕ ਹੀ ਮਿਲ ਜਾਂਦੀ ਹੈ ਜਿਹੜੀ ਕਿ ਜ਼ਰੂਰੀ ਹੈ। ਅਜਾਇਬ ਚਿਤਰਕਾਰ ਦੀਆਂ ਚਾਰ ਗ਼ਜ਼ਲਾਂ ਬਹੁਤ ਵਧੀਆਂ ਹਨ। ਸ੍ਰ: 'ਵਿਰਦੀ' ਜੀ 'ਪ੍ਰੋਮਿਥੀਅਸ' ਕਹਾਣੀ ਇਨਸਾਨ ਨੂੰ ਹੱਕ ਨੂੰ ਹੱਕ ਇਨਸਾਫ ਲਈ ਲੜਨ ਦੀ ਸਿਖਿਆ ਦਿੰਦੀ ਹੈ। 'ਸਫਲਤਾ' ਲੇਖ ਵਿੱਚ ਪਾਸਭਲਿਨੀ ਨੇ ਦੱਸਿਆ ਹੈ ਕਿ ਸਾਨੂੰ ਸੰਸਾਰ ਦੀ ਹਰੇਕ ਵਸਤੂ ਕਰੜੀ ਮਿਹਨਤ ਨਾਲ ਪ੍ਰਾਪਤ ਹੋ ਸਕਦੀ ਹੈ। ''ਕੌਮੀ ਦੰਗਲ'' ਵਿੱਚ ਰੇਸ਼ਮ ਜੀ ਨੇ ਦੰਗਲਾਂ ਦਾ ਸਾਰਾ ਹਾਲ ਲਿਖਿਆ ਹੈ। ''ਬੀਤੇ ਦੀਆਂ ਪੈੜਾਂ'' ਲੇਖ ਕਵੀ ਜੀ ਦਾ ਪ੍ਰਸ਼ੰਸਾ ਯੋਗ ਹੈ। ਬੀਤੇ ਦੀ ਯਾਦ ਤਾਜ਼ਾ ਕਰਦਾ ਹੈ।

''ਵਰਿਆਮ'' ਪੰਜਾਬੀ ਦੇ ਗਿਣਤੀ ਤੇ ਰਸਾਲਿਆਂ ਵਿੱਚ ਆਪਣਾ ਨਾਂ ਰੱਖਦਾ ਹੈ। ਤੁਹਾਡੀ ਸਖਤ ਮਿਹਨਤ ਵਰਿਆਮ ਨੂੰ ਹੋਰ ਵੀ ਤਰੱਕੀ ਦੀਆਂ ਸਿਖਰਾਂ ਵੱਲ ਲੈ ਕੇ ਜਾਵੇਗੀ। ਭਾਵੇਂ ਅੱਤ ਦਰਜੇ ਦੀ ਮਹਿੰਗਾਈ ਹੈ ਫਿਰ ਵੀ ਪਰਚੇ ਦਾ ਆਕਾਰ ਥੋੜਾ ਹੋਰ ਵੱਡਾ ਕਰਨ ਦਾ ਯਤਨ ਕਰੋ। ਪੂਰਨ ਯਤਨ ਕਰੋ ਕਿ ਮਹੀਨੇ ਦੇ ਪਹਿਲੇ ਹਫਤੇ ਹੀ ''ਵਰਿਆਮ'' ਪਾਠਕਾਂ ਦੇ ਹੱਥਾਂ ਵਿਚ ਹੋਇਆ ਕਰੇ। ਪਰਚੇ ਦੀ ਉਡੀਕ ਮਹੀਨਾ ਸ਼ੁਰੂ ਹੋਣ ਨਾਲ ਹੀ ਉਤਸੁਕਤਾ ਨਾਲ ਸ਼ੁਰੂ ਹੋ ਜਾਂਦੀ ਹੈ। ਮੇਰੀ ਕਾਮਨਾ ਹੈ ਕਿ 'ਵਰਿਆਮ' ਉੱਨਤੀ ਕਰੇ।

ਜਥੇਦਾਰ ਨਿਰੰਜਨ ਸਿੰਘ ਨਾਮਧਾਰੀ,
ਪਿੰਡ—ਟਮਕੌਦੀ, ਡਾ: ਜਸਪਾਲੋਂ,
ਜ਼ਿਲਾ—ਲੁਧਿਆਣਾ (ਪੰਜਾਬ)



Sri Satguru Jagjit Singh Ji Elibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machine



CONCRETE MIXER 10/7 CFT



CONCRETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of a Makes Concrete Mixers

Phones : Office : 52
Factory : 50
Resi. : 50

## BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PH Opp. C-70 NEW DELHI-110

Sri Satguru Jagjit Singh Ji Elibrary NamdhariElibrary@gmail.com

ਕਹਾਣੀ

# ਤੁਸੀਂ ਕਿਉਂ ਨਹੀਂ ਬੋਲਦੇ

—ਜਸਵੰਤ ਸਿੰਘ ਵਿਰਦੀ

ਤੁਸੀਂ ਮੈਥੋਂ ਪੁਛਦੇ ਹੋ ?...ਤੁਹਾਨੂੰ ਵੀ ਤਾਂ ਸਭ ਕੁਝ ਪਤਾ ਹੀ ਹੈ...ਫੇਰ ਤੁਸੀਂ ਕਿਉਂ ਨਹੀਂ ਬੋਲਦੇ ?

ਜੀ ਬਿਲਕੁਲ !

ਸਾਰੇ ਦੇਸ਼ ਵਿਚ ਹਾ-ਹਾਕਾਰ ਮਚ ਗਈ ਸੀ ਅਤੇ ਲੋਕ ਭੈਭੀਤ ਹੋ ਕੇ ਇਕ ਦੂਸਰੇ ਤੋਂ ਦੂਰ ਦੌੜ ਰਹੇ ਸਨ। ਹਰ ਕੋਈ ਇਹੋ ਹੀ ਕਹਿ ਰਿਹਾ ਸੀ—'ਬਸ ਹੁਣ ਦੇਸ਼ ਤਬਾਹ ਹੋ ਕੇ ਰਹੇਗਾ। ਬਸ ਹੁਣ ਦੇਸ਼...'

ਕਾਰਨ ?

ਦੇਸ਼ ਦੇ ਬਟਵਾਰੇ ਦੇ ਦਿਨਾਂ ਵਿਚ ਜਿਹੜੀਆਂ ਔਰਤਾਂ ਤਬਾਹ ਹੋ ਗਈਆਂ ਸਨ, ਉਹਨਾਂ ਵਿਚੋਂ ਇਕ ਔਰਤ ਦੀ ਕੁਖੋਂ ਜਦੋਂ ਇਕ ਬੱਚੇ ਨੇ ਜਨਮ ਲਿਆ...

ਤਾਂ...?

ਬਸ ਉਸੇ ਕਰਕੇ ਹੀ ਦੇਸ਼ ਵਿਚ ਹਲਚਲ ਮਚ ਗਈ ਸੀ ਅਤੇ ਲੋਕ ਪ੍ਰੇਸ਼ਾਨੀ ਨਾਲ ਇਕ ਦੂਸਰੇ ਦੀ ਵਿਰੋਧੀ ਦਿਸ਼ਾ ਵਲ ਦੌੜ ਰਹੇ ਸਨ !...ਜਿਸ ਔਰਤ ਨੇ ਉਸ ਬੱਚੇ ਨੂੰ ਜਨਮ ਦਿਤਾ ਸੀ, ਉਸ ਦਾ ਸਾਰਾ ਹੀ ਟੱਬਰ ਫਸਾਦੀਆਂ ਨੇ ਤਬਾਹ ਕਰ ਦਿੱਤਾ ਸੀ। ਪਰ ਉਹ ਨਿਤਾਣੀ ਔਰਤ ਕੁਝ ਨਹੀਂ ਸੀ ਕਰ ਸਕੀ।

ਪਰ ਹੁਣ ਜਦੋਂ ਉਹਦੇ ਘਰ ਇਕ ਪੁੱਤਰ ਨੇ ਜਨਮ ਲ਼ਿਆ ਤਾਂ ਉਸ ਬੱਚੇ ਦੇ ਮੂੰਹ ਵਿਚੋਂ ਅੱਗ ਦੇ ਭਾਂਬੜ ਨਿਕਲ ਰਹੇ ਸਨ। ਉਹ ਦਿਨੋ ਦਿਨ ਉੱਚਾ, ਲੰਮਾ ਅਤੇ ਮੋਟਾ ਤਾਜ਼ਾ ਹੁੰਦਾ ਜਾ ਰਿਹਾ ਸੀ ਅਤੇ ਹਰ ਕਿਸੇ ਨੂੰ ਉਹਦੇ ਕੋਲੋਂ ਸੇਕ ਮਹਿਸੂਸ ਹੋ ਰਿਹਾ ਸੀ। 'ਕੀ ਸਾਡੇ ਦੇਸ਼ ਵਿਚ ਇਸ ਤਰ੍ਹਾਂ ਦੇ ਬੱਚਿਆਂ ਨੇ ਵੀ ਜਨਮ ਲੈਣਾ ਸੀ, ਜਿਨ੍ਹਾਂ ਦੇ ਮੂੰਹਾਂ ਵਿਚੋਂ ਅੱਗ ਫੁਟ ਰਹੀ ਹੋਵੇ ?' ਕੋਈ ਪੁੱਛਦਾ !

'ਵੇਖ ਲਵੋ ! ਤੁਹਾਡੇ ਸਾਹਮਣੇ ਹੀ ਹੈ...' ਕੋਈ ਹੋਰ ਕਹਿੰਦਾ।

'ਪਰ ਇਹਦਾ ਕਾਰਣ ਕੀ ਹੈ ?'

'ਇਹਦੀ ਮਾਂ ਨੇ ਦੁਨੀਆਂ ਦੇ ਲੋਕਾਂ ਨੂੰ ਜਿਹੜੀ ਨਫਰਤ ਕੀਤੀ ਸੀ, ਉਸੇ ਦੀ ਹੀ ਇਹ ਅੱਗ ਬਣ ਗਈ ਐ !'

ਕਈ ਥਾਵਾਂ ਤੇ ਅੱਗ ਲੱਗਣ ਦੀਆਂ ਵਾਰਦਾਤਾ ਹੋ ਗਈਆਂ ਸਨ ਅਤੇ ਲੋਕਾਂ ਨੇ ਵੇਖਿਆ ਸੀ ਕਿ ਘਰਾਂ ਦੇ ਘਰ ਤਬਾਹ ਹੋ ਗਏ ਸਨ। 'ਔਰੀਆਂ' ਦੇ ਮੂੰਹ ਵਿਚੋਂ ਨਿਕਲ ਰਹੇ ਅੱਗ ਦੇ ਭਾਂਬੜ ਦਿਨੋਂ ਦਿਨ ਵਧ ਰਹੇ ਸਨ ਅਤੇ ਨਾਲ ਹੀ ਲੋਕਾਂ ਦਾ ਭੈਅ ਵੀ। ਧਰਤੀ ਮਾਤਾ ਵੀ ਤ੍ਰਹਿ ਗਈ ਸੀ ਕਿ ਕਿਤੇ ਇਹ ਲੋਕ ਉਸਨੂੰ ਝੁਲਸ ਹੀ ਨਾ ਦੇਣ।

ਹੁਣ ਤੁਸੀਂ ਕਹੋਗੇ ਕਿ ਲੋਕਾਂ ਨੇ ਉਸ ਔਰੀਆਂ ਨਾਂ ਦੇ ਗਭਰੂ ਨੂੰ ਅੱਗ ਫੈਲਾਣ ਤੋਂ ਰੋਕਿਆ ਕਿਉਂ ਨਾ ?

ਤੁਸੀਂ ਜਾਣਦੇ ਹੋ, ਸਾਡੇ ਦੇਸ਼ ਦੇ ਲੋਕ ਬੜੇ ਹੀ ਉਦਾਰ ਚਿੱਤ ਨੇ। ਸਦੀਆਂ ਦੀ ਸਿਖਿਆ ਨਾਲ ਇਹ ਬੜੇ ਸੰਹਿਦੜ ਹੋ ਗਏ ਨੇ !...ਨਾਲੇ ਹਰ ਕੋਈ ਸੋਚਦਾ ਹੈ, ਮੈਨੂੰ ਕੀ। ਮੇਰਾ ਗਵਾਂਢੀ ਤਬਾਹ ਹੋ ਰਿਹਾ ਹੈ, ਤਦ ਕੀ ਹੈ। ਹਾਲੇ ਅੱਗ ਦੇ ਭਾਂਬੜ ਮੇਰੇ ਘਰ ਤਕ ਤੇ ਨਹੀਂ ਪੁੱਜੇ। ਮੇਰੇ ਘਰ ਤਕ ਅੱਗ ਪੁੱਜੀ ਤਾਂ ਮੈਂ ਫਾਇਰ ਬਿਰਗੇਡ ਵਾਲਿਆਂ ਨੂੰ ਬੁਲਾ ਲਵਾਂਗਾ।'

ਜੀ ਹਾਂ, ਬਿਲਕੁਲ ਠੀਕ ਹੈ। ਕੁਝ ਲੋਕ ਤਾਂ ਔਰੀਆਂ ਨੂੰ ਇਹ ਵੀ ਕਹਿ ਰਹੇ ਕਿ ਫਲਾਣੇ-ਫਲਾਣੇ ਦੇ ਘਰਾਂ ਨੂੰ ਫੂਕ ਦਿਓ। ਦੁਕਾਨਾਂ ਨੂੰ ਭਾਂਬੜ ਲਾ ਦਿਓ। ਅਸੀਂ ਦੂਰ ਬੈਠਕੇ ਭਾਂਬੜ ਸੇਕਾਂਗੇ। ਭਾਂਬੜ ਸੇਕ ਕੇ ਕਿੰਨਾ ਸੁਖ ਮਿਲਦਾ ਹੈ।...ਪਤਾ ਨਹੀਂ ਤੁਸੀਂ ਕੀ ਸੋਚਦੇ ਹੋਵੋ।

ਪਰ ਜਦੋਂ ਔਰੀਆਂ ਦੇ ਮੂੰਹ ਵਿਚੋਂ ਨਿਕਲ ਰਹੀਆਂ ਅੱਗ ਦੀਆਂ ਲਪਟਾਂ ਨਾਲ ਦੇਸ਼ ਤਬਾਹ ਹੋ ਰਿਹਾ ਸੀ ਤਾਂ ਸਰਸਵਤੀ ਜੀ ਨੂੰ ਵੀਣਾ ਵਜਾਉਣੀ ਭੁਲ ਗਈ ਤੇ ਵਾਤਾਵਰਣ ਵਿਚੋਂ ਮਧੁਰ ਸੰਗੀਤ ਪਤਾ ਨਹੀਂ ਕਿਥੇ ਗੁਆਚ



Sri Satguru Jagjit Singh Ji Elibrary NamdhariElibrary@gmail.com

ਗਿਆ।...ਉਸ ਵੇਲੇ ਬ੍ਰਹਮਾ ਜੀ ਨੇ ਪੁਛਿਆ, 'ਸਰਸਵਤੀ ! ਤੇਰੀ ਵੀਣਾ ਕਿਉਂ ਖਮੋਸ਼ ਹੋ ਗਈ ਹੈ ?'

ਸਰਸਵਤੀ ਉਸ ਵੇਲੇ ਦੂਰ ਕਿਤੇ, ਵਾਤਾਵਰਣ ਵਿਚੋਂ ਉਭਰ ਰਹੇ ਭਾਂਬੜਾਂ ਵਲ ਤੱਕ ਰਹੀ ਸੀ, ਬੋਲੀ, 'ਮੇਰੇ ਸੰਗੀਤ ਨੂੰ ਔਰੀਆਂ ਦੇ ਮੂੰਹ ਦੀ ਅਗਨੀ ਤਬਾਹ ਕਰ ਦੇਵੇਗੀ।'

'ਫੇਰ ?'

'ਇਹ ਦੇਸ਼ ਵਿਚੋਂ ਸੰਗੀਤ ਵੀ ਤਬਾਹ ਹੋ ਜਾਵੇਗਾ, ਅਤੇ ਸੁੰਦਰਤਾ ਵੀ !'

'ਇਹ ਨਹੀਂ ਹੋ ਸਕਦਾ, ਸਰਸਵਤੀ !'

'ਇਹ ਹੋ ਕੇ ਰਹੇਗਾ,...ਜੇਕਰ...?'

'ਜੇਕਰ ਕੀ...?'

'ਜੇਕਰ ਤੁਸੀਂ ਇਸ ਸਭ ਕੁਝ ਨੂੰ ਨਹੀਂ ਰੋਕੋਗੇ ?'

'ਪਰ ਮੈਂ ਕੀ ਕਰਾਂ, ਸਰਸਵਤੀ ?'

'ਕੁਝ ਵੀ ਕਰੋ ! ਇਸ ਦੇਸ਼ ਨੂੰ ਤਬਾਹ ਹੋਣ ਤੋਂ ਬਚਾਵੋਂ !

'ਮੇਰੀ ਤਾਂ ਕੋਈ ਵੀ ਗੱਲ ਹੀ ਨਹੀਂ ਮੰਨਦਾ।'

'ਤੁਸਾਂ ਜਤਨ ਵੀ ਤਾਂ ਨਹੀਂ ਕੀਤਾ।'

'ਫੇਰ ਹੁਣ ?'

ਜਤਨ ਕਰੋ !'

ਬ੍ਰਹਮਾ ਜੀ ਨੇ ਵੇਖਿਆ ਕਿ ਉਹ ਸੰਸਾਰ ਦੀ ਜਿਹੜੀ ਸਿਰਜਣਾ ਕਰ ਰਹੇ ਸਨ, ਔਰੀਆਂ ਉਸ ਨੂੰ ਤਬਾਹ ਕਰੀ ਜਾ ਰਿਹਾ ਸੀ। ਬਹੁਤ ਸਾਰੇ ਫਸਾਦੀ ਲੋਕ ਉਹਦੇ ਨਾਲ ਰਲ ਗਏ ਸਨ ਅਤੇ ਮਾਸੂਮ ਲੋਕਾਂ ਦੀ ਲੁਟ ਮਾਰ ਕਰ ਰਹੇ ਸਨ। ਬ੍ਰਹਮਾ ਜੀ ਨੇ ਇਹ ਵੀ ਵੇਖਿਆ ਕਿ ਦੇਵਤੇ ਅਤੇ ਰਾਖਸ਼ ਵੀ ਔਰੀਆਂ ਦੇ ਟੋਲੇ ਵਿਚ ਸ਼ਾਮਲ ਹੁੰਦੇ ਜਾ ਰਹੇ ਨੇ ਅਤੇ ਉਹਨਾਂ ਵਿਚ ਹਰ ਕੋਈ ਤਬਾਹ ਹੋ ਰਹੇ ਦ੍ਰਿਸ਼ ਵੇਖ ਕੇ ਮਨ ਹੀ ਮਨ ਵਿਚ ਖ਼ੁਸ਼ ਹੋ ਰਿਹਾ ਸੀ।

ਇਹ ਦ੍ਰਿਸ਼ ਵੇਖਕੇ ਬ੍ਰਹਮਾ ਜੀ ਨੂੰ ਬੜੀ ਤਕਲੀਫ ਹੋਈ। ਇਕ ਪਲ ਲਈ ਤਾਂ ਉਹਨਾਂ ਦਾ ਜੀਅ ਕੀਤਾ ਕਿ, ਸਭਨਾਂ ਹੀ ਫਸਾਦੀਆਂ ਨੂੰ ਤੁਰੰਤ ਤਬਾਹ ਕਰ ਦੇਣ। ਪਰ ਫੇਰ ਉਹਨਾਂ ਨੂੰ ਖਿਆਲ ਆਇਆ ਕਿ ਨਫਰਤ ਨਾਲ ਕਦੀ ਵੀ ਨਫਰਤ ਨਹੀਂ ਖਤਮ ਹੁੰਦੀ।

ਪਰ ਕੀਤਾ ਕੀ ਜਾਵੇ ?

ਬ੍ਰਹਮਾ ਜੀ ਨੂੰ ਪ੍ਰੇਸ਼ਾਨ ਵੇਖ ਕੇ ਕੁਝ ਸੋਚਵਾਨ ਲੋਕਾਂ ਨੇ ਉਹਨਾਂ ਨੂੰ ਕਿਹਾ, 'ਤੁਸੀਂ ਔਰੀਆ ਨੂੰ ਸਮਝਾਵੋ ਹਜ਼ੂਰ।'

'ਹਾਂ ਇਹ ਠੀਕ ਹੈ !' ਅਤੇ ਬ੍ਰਹਮਾ ਜੀ ਨੇ ਔਰੀਆਂ ਨੂੰ ਬੁਲਾ ਕੇ ਕਿਹਾ—'ਭਲੇ ਮਾਨਸਾ ! ਤੂੰ ਕਿਉਂ ਲੋਕਾਂ ਨੂੰ ਤਬਾਹ ਕਰੀ ਜਾ ਰਿਹਾ ਏਂ।'

ਔਰੀਆਂ ਨੇ ਕਿਹਾ, ਲੋਕਾਂ ਨੇ ਵੀ ਤਾਂ ਫਸਾਦਾਂ ਵੇਲੇ ਮੇਰੇ ਖਾਨਦਾਨ ਨੂੰ ਤਬਾਹ ਕਰ ਦਿਤਾ ਸੀ......

'ਤਾਂ ਕੀ ਹੁਣ ਤੂੰ ਬਦਲਾ ਲੈ ਰਿਹਾ ਏਂ !

'ਹਾਂ ਮੈਂ ਲੋਕਾਂ ਤੋਂ ਆਪਣੇ ਖਾਨਦਾਨ ਦੀ ਤਬਾਹੀ ਦਾ ਬਦਲਾ ਲਵਾਂਗਾ !'

'ਤੂੰ ਮਾਸੂਮ ਲੋਕਾਂ ਨੂੰ ਤਬਾਹ ਕਰਕੇ ਬਦਲਾ ਲਵੇਂਗਾ !'

'ਜੀ...ਪਰ...?' ਔਰੀਆਂ ਘਬਰਾ ਗਿਆ ! ਬ੍ਰਹਮਾ ਜੀ ਬੋਲੇ, ਔਰੀਆਂ। ਖਿਮਾ ਵਿਚ ਬੜੀ ਸ਼ਕਤੀ ਹੈ। ਤੂੰ ਵੀ ਫਸਾਦੀਆਂ ਨੂੰ ਖਿਮਾ ਕਰਦੇ !'

ਬ੍ਰਹਮਾ ਜੀ ਨੇ ਇਹ ਗੱਲ ਔਰੀਆਂ ਨੂੰ ਏਨੇ ਪਿਆਰ ਅਤੇ ਸਨੇਹ ਨਾਲ ਕਹੀ ਸੀ ਕਿ ਔਰੀਆਂ ਸੋਚੀਂ ਪੈ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਖਿਮਾ ਕਰਨ ਵਾਲੀ ਇਹ ਗੱਲ ਉਸ ਨੂੰ ਪਹਿਲਾ ਕਿਸੇ ਨੇ ਕਿਉਂ ਨਹੀਂ ਕਹੀ। ਕਿਉਂ ਲੋਕ ਉਸ ਨੂੰ ਅਗੇ ਕਰ ਤਬਾਹੀ ਦਾ ਨਜ਼ਾਰਾ ਵੇਖਦੇ ਤੇ ਖ਼ੁਸ਼ ਹੁੰਦੇ ਰਹੇ ਨੇ ?

ਬ੍ਰਹਮਾ ਜੀ ਨੇ ਔਰੀਆਂ ਦੀ ਕੰਢ ਪਲੋਸ ਕੇ ਕਿਹਾ, 'ਸੋਚ ਪੁਤਰ ! ਤੁਸਾਂ ਇਸ ਦੇਸ਼ ਦੀ ਸੁੰਦਰਤਾ ਵਿਚ ਵਾਧਾ ਕਰਨਾ ਹੈ ਕਿ ਉਸ ਨੂੰ ਤਬਾਹ ਕਰਨਾ ਹੈ।'

'ਫੇਰ ਮੈਂ ਕੀ ਕਰਾਂ ਜੀ !'

'ਤੂੰ ਲੋਕਾਂ ਦੇ ਘਰ ਨਾ ਸਾੜ !'

'ਪਰ ਮੇਰੇ ਮੂੰਹ 'ਚੋਂ ਜਿਹੜੀ ਅੱਗ ਨਿਕਲ ਰਹੀ ਹੈ, ਉਹਦਾ ਕੀ ਕਰਾਂ !'

'ਤੂੰ ਇਹ ਅੱਗ ਤਿਆਗ ਦੇ !'

'ਇਹ ਕਿਵੇਂ ਹੋ ਸਕਦੈ ?'

'ਹੋ ਕਿਉਂ ਨਹੀਂ ਸਕਦਾ ?'

'ਤਾਂ, ਫੇਰ ਠੀਕ ਹੈ...ਜੀ...'

ਔਰੀਆਂ ਨੂੰ ਮਹਿਸੂਸ ਹੋਇਆ, ਜਿਵੇਂ ਉਹਨੂੰ ਸੋਝੀ ਹੋ ਰਹੀ ਹੋਵੇ। ਉਹਨੇ ਕਾਹਲੀ ਨਾਲ ਬ੍ਰਹਮਾ ਜੀ ਨੂੰ ਕਿਹਾ 'ਫੇਰ ਇਹ ਮੇਰੇ ਮੂੰਹ ਦੀ ਅਗਨੀ ਤੁਸੀਂ ਲੈ ਲਵੋ, ਤੇ ਮੇਰਾ ਇਹਦੇ ਕੋਲੋਂ ਛੁਟਕਾਰਾ ਕਰਾਓ।'



Sri Satguru Jagjit Singh Ji Elibrary NamdhariElibrary@gmail.com

ਅਤੇ ਔਰੀਆਂ ਆਪਣੇ ਮੂੰਹ ਦੀ ਅੱਗ ਦੇ ਭਾਂਬੜ ਬ੍ਰਹਮਾ ਜੀ ਦੇ ਹਵਾਲੇ ਕਰਕੇ ਪਸ਼ਚਾਤਾਪ ਕਰਨ ਲਈ ਟੁਰ ਗਿਆ। ਉਸ ਦੀ ਇਸ ਹਰਕਤ ਨਾਲ ਫਸਾਦੀਆਂ ਨੂੰ ਬੜੀ ਨਿਰਾਸ਼ਾ ਹੋਈ।

ਜਿਸ ਵੇਲੇ ਸਰਸਵਤੀ, ਬ੍ਰਹਮਾ ਜੀ ਕੋਲ ਆਈ ਤਾਂ ਉਹਨੇ ਵੇਖਿਆ ਕਿ ਅੱਗ ਦੇ ਭਾਂਬੜ ਬ੍ਰਹਮਾ ਜੀ ਦੁਆਲੇ ਫੈਲੇ ਹੋਏ ਨੇ ਅਤੇ ਉਹ ਕਿਸੇ ਗਹਿਰੀ ਸੋਚ ਵਿਚ ਡੁੱਬੇ ਹੋਏ ਨੇ। ਉਸ ਸੋਚ ਰਹੇ ਸਨ ਕਿ ਇਸ ਅੱਗ ਦਾ ਕੀ ਕਰਣ ? ਸਰਸਵਤੀ ਜੀ ਨੇ ਆਪਣੀ ਵੀਣਾ ਵਜਾ ਕੇ ਬ੍ਰਹਮਾ ਜੀ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਪਰ ਉਹਨੇ ਵੇਖਿਆ ਕਿ ਅੱਗ ਦੇ ਭਾਂਬੜਾਂ ਸਾਹਮਣੇ ਵੀਣਾ ਵਿਚੋਂ ਸੰਗੀਤ ਹੀ ਨਹੀਂ ਸੀ ਨਿਕਲ ਰਿਹਾ ! ਜਿਵੇਂ ਕਿ ਵੀਣਾ ਦਾ ਸਰੀਰ ਸੁੰਨ ਹੋ ਗਿਆ ਹੋਵੇ !

ਤੁਸੀਂ ਸੋਚਦੇ ਹੋਵੇਗਾ ਕਿ ਜਦੋਂ ਸਰਸਵਤੀ ਦਾ ਸੰਗੀਤ ਗੂੰਜਦਾ ਹੈ ਤਾਂ ਅੱਗ ਦੇ ਭਾਂਬੜ ਆਪਣੇ ਆਪ ਹੀ ਖਾਮੋਸ਼ ਹੋ ਜਾਂਦੇ ਨੇ !

......ਨਹੀਂ !......ਇਸ ਤਰ੍ਹਾਂ ਨਹੀਂ ਹੁੰਦਾ।

ਜਦੋਂ ਅਗਨੀ ਦੇ ਭਾਂਬੜ ਮਚੇ ਹੋਏ ਹੋਣ ਤਾਂ ਸੰਗੀਤ ਦੀ ਆਤਮਾ ਵੀ ਸੁੰਗੜਨ ਲਗ ਪੈਂਦੀ ਹੈ ! ਔਰਤਾਂ ਦੀ ਸੁੰਦਰਤਾ ਦਾਗੀ ਹੋ ਜਾਂਦੀ ਹੈ ਅਤੇ ਬਚੇ ਫੁੱਲਾਂ ਵਾਂਗ ਨਹੀਂ ਮਹਿਕਦੇ। ਗਲੀਆਂ—ਬਾਜ਼ਾਰ ਵੀਰਾਨ ਹੋ ਜਾਂਦੇ ਨੇ ਅਤੇ ਸਜ ਵਿਆਹੀਆਂ ਮਲੂਕੜੀਆਂ ਜਿੰਦੜੀਆਂ ਵਿਧਵਾ ਹੋਣ ਲਗ ਪੈਂਦੀਆਂ ਨੇ। ਹਰ ਪਾਸੇ ਹਾਹਾਕਾਰ ਮਚ ਜਾਂਦੀ ਹੈ। ......ਮੈਂ ਪੁਛਦੀ ਹਾਂ, ਸੰਗੀਤ ਕਿਵੇਂ ਜੀਉਂਦਾ ਰਹਿ ਸਕਦਾ ਹੈ।

'ਹਾਏ !' ਸਰਸਵਤੀ ਨੇ ਜ਼ੋਰ ਨਾਲ ਧਾਹ ਮਾਰੀ—

'ਇਹ ਮੇਰੀ ਵੀਣਾ ਦੇ ਸੰਗੀਤ ਨੂੰ ਕੀ ਹੋ ਗਿਐ ?' ਬ੍ਰਹਮਾ ਜੀ ਨੇ ਤੁਰੰਤ ਸੁਚੇਤ ਹੋ ਕੇ ਕਿਹਾ,—'ਸਰਸਵਤੀ ! ਜਦੋਂ ਤਕ ਇਸ ਦੇਸ਼ ਵਿਚ ਨਫਰਤ ਦੀ ਅੱਗ ਦੇ ਭਾਂਬੜ ਮੱਚਦੇ ਰਹਿਣਗੇ, ਤੇਰੀ ਵੀਣਾ ਦੇ ਸੰਗੀਤ ਨੂੰ ਕਿਸੇ ਨਹੀਂ ਸੁਣਨਾ।'

'ਜੇਕਰ ਦੇਸ਼ ਦੇ ਲੋਕ ਸੰਗੀਤ ਨੂੰ ਨਹੀਂ ਸੁਣਨਗੇ, ਕਲਾ ਦੀ ਸ਼ਾਧਨਾ ਨਹੀਂ ਕਰਨਗੇ, ਤਾਂ ਮੂਰਖ ਬਣ ਜਾਣਗੇ !' ਸਰਸਵਤੀ ਨੇ ਕਿਹਾ, 'ਫੇਰ ਮੇਰੀ ਸਾਧਨਾ ਦਾ ਕੀ ਲਾਭ ਹੋਇਆ ?'

ਬ੍ਰਹਮਾ ਜੀ ਨੇ ਮੁਸਕਰਾ ਕੇ ਕਿਹਾ, 'ਸਰਸਵਤੀ ! ਫੇਰ ਤੂੰ ਮੇਰਾ ਇਕ ਕੰਮ ਕਰ !'

'ਦੱਸੋ ਜੀ।'

'ਕੁਝ ਚਿਰ ਲਈ ਆਪਣੇ ਸੰਗੀਤ ਦੀ ਇਹ ਵੀਣਾ ਰਖ ਦੇ, ਅਤੇ ਇਸ ਨਫਰਤ ਦੀ ਅਗਨੀ ਹੈ ਸਮੁੰਦਰ ਵਿਚ ਸੁੱਟ ਆ।'

'ਪਰ ਮੈਂ ਇਸ ਅਗਨੀ ਨੂੰ ਲੈ ਕੇ ਸਮੁੰਦਰ ਤਕ ਕਿਵੇਂ ਪੁਜਾਂਗੀ !'

'ਇਹ ਤਾ ਬੜਾ ਸੌਖਾ ਤਰੀਕਾ ਹੈ !'

'ਕਿਵੇਂ ਜੀ ?'

—'ਮੈਂ ਇਸ ਅਗਨੀ ਨੂੰ ਕੁੰਭ ਵਿਚ ਬੰਦ ਕਰ ਦਿੰਦਾ ਹਾਂ ਤੂੰ ਇਹ ਕੁੰਭ ਸਮੁੰਦਰ ਵਿਚ ਸੁੱਟ ਆਵੀਂ। ਜਦੋਂ ਆਬਾਦੀ ਵਾਲਾ ਖੇਤਰ ਆਵੇਗਾ, ਤਾਂ ਤੂੰ ਧਰਤੀ ਦੇ ਥੱਲੇ ਚਲੀ ਜਾਵੀਂ......ਅਤੇ ਜੰਗਲ—ਬੀਆਂਬਾਨਾਂ ਵਿਚ ਬਾਹਰ ਨਿਕਲ ਕੇ ਟੁਰਨ ਲਗ ਪਵੀਂ।'

'ਪਰ ਮੇਰੀ ਵੀਣਾ।' ਸਰਸਵਤੀ ਨੇ ਕਿਹਾ,—'ਕੀ ਇਹ ਨਹੀਂ ਹੋ ਸਕਦਾ ਕਿ ਮੈਂ ਆਪਣੀ ਵੀਣਾ ਆਪਣੇ ਨਾਲ ਹੀ ਰੱਖਾਂ !'

ਬ੍ਰਹਮਾ ਜੀ ਬੋਲੇ,—'ਇਹ ਨਹੀਂ ਹੋ ਸਕਣਾ, ਮੇਰੀ ਸਰਸਵਤੀ ! ਜਦੋਂ ਤਕ ਲੋਕਾਂ ਵਿਚ ਨਫਰਤ ਦੀ ਇਹ ਅੱਗ ਫੈਲੀ ਰਹੇਗੀ, ਉਦੋਂ ਤਕ ਤੂੰ ਉਹਨਾਂ ਨੂੰ ਆਪਣੀ ਵੀਣਾ ਦਾ ਸੰਗੀਤ ਨਹੀਂ ਸੁਣਾ ਸਕਦੀ। ਕੋਈ ਵੀ ਨਹੀਂ ਸੁਣੇਗਾ !......ਪਿਆਰ—ਮੁਹੱਬਤ ਦਾ ਨਗਮਾ ਅੱਗ ਦੇ ਭਾਂਬੜਾਂ ਨੂੰ ਨਹੀਂ ਸੁਣਾਇਆ ਜਾ ਸਕਦਾ।'

ਸਰਸਵਤੀ ਅਗਨੀ ਦੇ ਕੁੰਭ ਨੂੰ ਲੈ ਕੇ ਸਮੁੰਦਰ ਤਕ ਕਿਵੇਂ ਪੁੱਜੀ, ਇਹ ਬੜੀ ਪ੍ਰਸਿਧ ਕਥਾ ਹੈ...ਅਤੇ ਤੁਸੀਂ ਸਾਰੇ ਹੀ ਇਹਨੂੰ ਜਾਣਦੇ ਹੋ। ਮੈਂ ਤਾਂ ਕੇਵਲ ਇਹੋ ਹੀ ਤੁਹਾਡੇ ਕੋਲੋਂ ਪੁਛ ਰਹੀ ਹਾਂ ਕਿ ਜਦੋਂ ਹੁਣ ਇਸ ਦੇਸ਼ ਵਿਚ ਨਫਰਤ ਦੀ ਅਗਨੀ ਭੜਕੇਗੀ, ਤਾਂ ਉਸ ਨੂੰ ਸਮੁੰਦਰ ਵਿਚ ਕੌਣ ਸੁੱਟ ਕੇ ਆਵੇਗਾ ?

ਚਲੋ ਕੋਈ ਨਹੀਂ। ਸੋਚ ਕੇ ਦੱਸ ਦੇਣਾ। ਮੈਨੂੰ ਕੋਈ ਕਾਹਲੀ ਨਹੀਂ ਹੈ।

ਜੀ ਹਾਂ, ਜਿਸ ਵੇਲੇ ਸਰਸਵਤੀ ਜੀ ਅਗਨੀ ਦੇ ਕੁੰਭ ਨੂੰ ਸਮੁੰਦਰ ਵਿਚ ਸੁੱਟ ਕੇ ਆ ਰਹੀ ਸੀ ਤਾਂ ਦੇਸ਼ ਦੇ ਵਾਤਾ-ਵਰਣ ਵਿਚ ਹਰ ਪਾਸੇ ਵੀਣਾ ਦਾ ਮਧੁਰ ਸੰਗੀਤ ਫੈਲ ਗਿਆ ਸੀ।

ਕੀ ਹੁਣ ਉਸ ਤਰ੍ਹਾਂ ਦੇ ਸੁਖਾਵੇ ਦਿਨ ਨਹੀਂ ਆ ਸਕਦੇ।



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

**Once Purchased Ever Purchased**

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE





Sri Satguru Jagjit Singh Ji Elibrary NamdhariElibrary@gmail.com

ਚਲਦੀ ਬਹਿਸ

# ਪੰਜਾਬੀਅਤ ਅਤੇ ਪੰਜਾਬੀ

**ਰਜਵੰਤ ਸਿੰਘ ਰਾਣਾ ਐਮ. ਏ (ਪੰਜਾਬੀ ਹਿੰਦੀ)**

ਵਰਿਆਮ ਦੇ ਅਗਸਤ-ਸਤੰਬਰ ਅੰਕ ਵਿਚ ਆਸਫ ਸ਼ਾਹਕਾਰ ਦਾ ਲੇਖ ਛਪਿਆ ਸੀ, "ਪੰਜਾਬੀਅਤ ਅਤੇ ਪੰਜਾਬੀ"। ਇਹ ਲੇਖ ਬੈਂਕੋਕ ਕਾਨਫਰੰਸ ਵਿਚ ਵੀ ਪੜ੍ਹਿਆ ਗਿਆ ਸੀ। ਅਕਤੂਬਰ ਅੰਕ ਵਿਚ ਪ੍ਰਸਿਧ ਭਾਸ਼ਾਈ ਵਿਦਵਾਨ ਡਾ: ਅਮਰ ਭਾਰਤੀ ਨੇ ਇਸ ਲੇਖ ਵਿਚ ਉਠਾਏ ਨੁਕਤਿਆਂ ਦਾ ਵਿਸਤ੍ਰਿਤ ਉਤਰ ਦਿਤਾ ਸੀ। ਇਸੇ ਪ੍ਰਸੰਗ ਵਿਚ ਹੀ ਹਥਲਾ ਲੇਖ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

—ਸੰਪਾਦਕ

ਸ੍ਰੀ ਅਮਰ ਭਾਰਤੀ ਹੋਰਾਂ ਦਾ ਲੇਖ "ਪੰਜਾਬੀਅਤ ਤੇ ਪੰਜਾਬੀ" ਅਤੇ ਆਸਫ਼ ਸ਼ਾਹਕਾਰ ਹੋਰਾਂ ਦਾ ਇਸੇ ਨਾਂ ਦਾ ਲੇਖ ਪੜ੍ਹਨ ਤੋਂ ਬਾਅਦ ਜਾਪਦਾ ਹੈ ਕਿ ਦੋਹਾਂ ਵਿਦਵਾਨ ਸੱਜਣਾਂ ਨੇ ਮੁੱਢਲਾ ਤੇ ਅਦਿਸ ਪ੍ਰਸ਼ਨ ਜਾਂ ਨੁਕਤੇ ਨੂੰ ਕੋਈ ਪ੍ਰੀਭਾਸ਼ਾ ਹੀ ਨਹੀਂ ਦਿੱਤੀ ਅਤੇ ਦੂਜੇ ਦਰਜੇ ਦੀਆਂ ਗੱਲਾਂ ਨੂੰ ਹੀ ਮਹੱਤਤਾ ਦੇ ਦਿੱਤੀ ਹੈ।

ਅਸੀਂ "ਪੰਜਾਬੀਅਤ" ਦੀਆਂ ਗੱਲਾਂ ਬਹੁਤ ਕਰਦੇ ਹਾਂ ਪਰ ਪੰਜਾਬੀਅਤ ਤੋਂ ਸਾਡਾ ਸੰਕਲਪ ਕੀ ਹੈ, ਇਸ ਨੂੰ ਪ੍ਰੀਭਾਸ਼ਿਤ ਨਹੀਂ ਕਰਦੇ। ਅੰਗਰੇਜ਼ੀ ਦੇ ਦੋ ਸ਼ਬਦ ਹਨ—civilisation (ਸਭਿਆਚਾਰ) ਅਤੇ culture (ਸੰਸਕ੍ਰਿਤੀ) ਅਤੇ ਇਹਨਾਂ ਦੋਹਾਂ ਸ਼ਬਦਾਂ ਦੇ ਅਰਥ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸ ਬੁਕਸ ਬੋਰਡ, ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਸ਼ਬਦ-ਕੋਸ਼ ਅਨੁਸਾਰ ਇਉਂ ਹਨ :

ਸਿਵਲਾਈਜ਼ੇਸ਼ਨ—੧. ਸਭਿਅਤਾ, ਤਹਿਜ਼ੀਬ ੨. ਸੁਸ਼ੀਲਤਾ, ਸੁਘੜਤਾ ੩. ਸਭਿਆ ਰਾਜ ੪. ਸ਼ਹਿਰੀ ਜੀਵਨ ੫. ਅਧੁਨਿਕ ਸੁਵਿਧਾਵਾਂ।

ਕਲਚਰ—੧. ਵਾਹੀ, ਖੇਤੀ, ਕ੍ਰਿਸਾਣੀ, ਕਾਸ਼ਤ; ੨. (ਸ਼ਹਿਦ ਦੀਆਂ ਮੱਖੀਆਂ, ਕੀਟਾਣੂ, ਮੱਛੀਆਂ ਆਦਿ) ਪਾਲਣ; ੩. ਪਾਲੇ ਹੋਏ ਜੀਵਾਣੂ, ਸਾਧਨਾ; ਸੰਸਕ੍ਰਿਤੀ-ਸਭਿਆਚਾਰ।

ਉਪਰੋਕਤ ਅਰਥਾਂ ਅਨੁਸਾਰ, ਪੰਜਾਬੀਅਤ ਤੋਂ ਭਾਵ ਪੰਜਾਬੀ ਸਭਿਆਚਾਰ ਹੀ ਹੋ ਸਕਦਾ ਹੈ ਕਿ ਇਕ ਮਜ਼ਹਬ ਜਾਂ ਕਬੀਲੇ, ਸੰਪ੍ਰਦਾਏ ਦਾ ਸਭਿਆਚਾਰ ਨਹੀਂ ਹੋ ਸਕਦਾ।

ਜਦੋਂ ਆਸਫ਼ ਸ਼ਾਹਕਾਰ ਸਿੱਖ, ਹਿੰਦੂ ਅਤੇ ਮੁਸਲਮਾਨ ਸਭਿਆਚਾਰ ਦੀ ਗੱਲ ਕਰਦਾ ਹੈ, ਤਾਂ ਜ਼ਾਹਰ ਹੈ ਕਿ ਉਹ ਪੰਜਾਬੀ ਸਭਿਆਚਾਰ ਦੀ ਗੱਲ ਨਾ ਕਰਕੇ ਔਝੜੀਂ ਪੈ ਰਿਹਾ ਹੈ; ਅਤੇ ਔਝੜੀਂ ਪਿਆ ਮਨੁੱਖ ਕਦੇ ਵੀ ਮੰਜ਼ਿਲ ਤੇ ਨਹੀਂ ਪਹੁੰਚਦੇ। ਭੰਬਲ ਭੂਸਿਆਂ ਦਾ ਸ਼ਿਕਾਰ ਰਹਿੰਦੇ ਹਨ ਅਤੇ ਭੰਬਲ ਭੂਸਿਆਂ ਵਿਚ ਫਸੇ ਲੋਕੀਂ ਹੀ, ਆਪਣੇ ਸਨਮਾਣ (ਆਪਣੀ ਹਉਮੈਂ ਅਨੁਸਾਰ ਸਨਮਾਨ) ਦੀ ਉਮੀਦ ਕਰਦੇ ਹਨ ਅਤੇ ਜਦੋਂ ਇਹ ਆਸ ਕੀਤਾ ਸਨਮਾਨ ਨਾ ਮਿਲੇ ਤਾਂ ਜ਼ਾਹਰ ਹੈ ਕਿ ਉਹ ਗੁੱਸੇ ਅਤੇ ਛਿੱਥੇਪਨ ਦਾ ਸ਼ਿਕਾਰ ਹੋ ਜਾਂਦੇ ਹਨ।

ਪੰਜਾਬੀਅਤ ਲਈ ਰਹਿਤਲ ਜਾਂ ਰਹਿਣੀ ਬਹਿਣੀ ਸ਼ਬਦਾਂ ਨੂੰ ਅਪਣਾ ਲਿਆ ਜਾਏ ਤਾਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਪੰਜਾਬੀਅਤ ਦੀ ਰਹਿਤਲ ਜਾਂ ਪੰਜਾਬੀਆਂ ਦੀ ਰਹਿਣੀ-ਬਹਿਣੀ ਹੀ ਪੰਜਾਬੀਅਤ ਹੈ।

ਇਸ ਗੱਲ ਤੋਂ ਦੋ ਗੱਲਾਂ ਉਘੜ ਕੇ ਸਾਹਮਣੇ ਆਉਂਦੀਆਂ ਹਨ ਕਿ ਪੰਜਾਬੀ ਰਹਿਣੀ-ਬਹਿਣੀ, ਬਦਲਦੇ ਹਾਲਾਤ ਅਧੀਨ, ਬਦਲਦਾ ਰੂਪ ਧਾਰਣ ਕਰਦੀ ਜਾਂਦੀ ਰਹੀ ਹੈ ਅਤੇ ਇਹੀ ਇਸ ਦੀ ਨਿਰੰਤਰਤਾ ਅਤੇ ਜੀਉਂਦੇ ਹੋਣ ਦਾ ਆਧਾਰ ਹੈ।

ਪੰਜਾਬ (ਪੰਜ-ਪਾਣੀਆਂ ਦਾ ਦੇਸ਼) ਮੁਸਲਮਾਨਾਂ ਦੇ ਰਾਜ ਸੱਤਾ ਤੇ ਬਹਿ ਜਾਣ ਤੋਂ ਬਾਅਦ ਦਿੱਤਾ ਨਾਂ ਹੈ ਅਤੇ ਪੰਜ-ਪਾਣੀ ਜਾਂ ਪੰਜ ਦਰਿਆ ਹਨ—ਸਤਲੁਜ, ਬਿਆਸ, ਰਾਵੀ, ਝਣਾਂ ਅਤੇ ਜਿਹਲਮ ਅਤੇ ਪੰਜਾਬ ਦੇ ਨਾਂ ਪ੍ਰਾਪਤ ਕਰਨ ਤੋਂ ਪਹਿਲਾਂ ਇਸ ਦਾ ਨਾਂ ਸੱਪਤ ਸਿੰਧੂ ਸੀ, ਸੱਤਾਂ ਦਰਿਆਵਾਂ ਦਾ ਦੇਸ਼। ਇਨ੍ਹਾਂ ਪੰਜਾਂ ਦਰਿਆਵਾਂ ਦੇ ਨਾਲ ਸਿੰਧ ਅਤੇ ਸਰਸਵਤੀ ਦਰਿਆਵਾਂ ਦੇ ਨਾਂ ਜੋੜਿਆਂ "ਸਪਤ ਸਿੰਧੂ" ਨਾਂ ਸਾਰਥਕ ਬਣ ਜਾਂਦਾ ਹੈ, ਪਰੰਤੂ ਇਨ੍ਹਾਂ ਵਿਚੋਂ ਸਰਸਵਤੀ ਅਲੋਪ ਹੋ ਚੁਕਾ ਹੈ।

ਪੰਜਾਬੀਅਤ ਉਸ ਖੇਤਰ ਦੀ ਰਹਿਣੀ-ਬਹਿਣੀ ਹੈ, ਜਿਸ ਦੇ ਮੋਢੀ ਦਰਾਵੜ, ਭੀਲ ਅਤੇ ਕੋਲ ਕੌਮਾਂ ਦੇ ਬਜ਼ੁਰਗ ਸਨ ਅਤੇ ਬਾਅਦ ਵਿਚ ਇਹ ਆਰੀਆ ਲੋਕਾਂ ਦੇ ਆਉਣ ਤੇ ਨਵਾਂ ਪਰ ਮਿਲਵਾਂ ਰੂਪ ਧਾਰਣ ਕਰ ਗਈ। ਵੈਦਿਕ ਸਭਿਆਚਾਰ ਮੂਲ ਰੂਪ ਵਿਚ ਪੰਜਾਬੀ ਸਭਿਆਚਾਰ ਹੈ।



Sri Satguru Jagjit Singh Ji Elibrary NamdhariElibrary@gmail.com

ਹੂੰਨਾਂ, ਸਿਥੀਅਨਾਂ, ਯੂਨਾਨੀਆਂ ਅਤੇ ਹੋਰ ਬਾਹਰੋਂ ਆਉਣ ਵਾਲੇ ਲੋਕਾਂ ਨੇ ਇਸ ਪੰਜਾਬੀ ਸਭਿਆਚਾਰ ਨੂੰ ਆਪਣੇ ਆਪਣੇ ਸਮੇਂ ਨਵਾਂ ਪਰ ਮਿਸ਼ਰਿਤ ਰੂਪ ਦਿੱਤਾ। ਮੁਸਲਮਾਨਾਂ ਅਤੇ ਅੰਗਰੇਜ਼ਾਂ ਦੀ ਆਮਦ ਦੇ ਨਤੀਜੇ ਵਜੋਂ, ਇਸ ਸਭਿਆਚਾਰ ਨੇ ਨਵਿਆਂ ਰੰਗਾਂ-ਸੁਹੰਗਾਂ ਨੂੰ ਅਪਣਾਇਆ ਅਤੇ ਨਵੇਰੇ ਤੋਂ ਨਵੇਰਾ ਰੂਪ ਧਾਰਣ ਕੀਤਾ ਹੈ।

ਸ੍ਰੀ ਅਮਰ ਭਾਰਤੀ ਹੋਰਾਂ ਦੀ ਇਹ ਗੱਲ ਜਾਂ ਤੱਥ ਸਰਵ ਪ੍ਰਵਾਣਿਤ ਹੈ ਕਿ ਬੋਲੀ ਅਤੇ ਕੌਮੀਅਤ ਦਾ ਆਧਾਰ ਮਜ਼ਹਬ ਨਹੀਂ ਹੁੰਦਾ।" ਇਵੇਂ "ਦੇਸ਼ ਭਗਤੀ" ਨੂੰ ਵੀ ਮਜ਼ਹਬ ਜਾਂ ਧਾਰਮਿਕ ਸੰਪ੍ਰਦਾਵਾਂ ਨਾਲ ਜੋੜ ਕੇ ਸੀਮਤ ਨਹੀਂ ਕੀਤਾ ਜਾ ਸਕਦਾ।

ਪਰ ਜੇਕਰ ਸੱਚਮੁੱਚ ਹੀ ਬੋਲੀ ਅਤੇ ਬੋਲੀ ਦੇ ਆਧਾਰ ਤੇ ਕੌਮੀਅਤ ਦਾ ਨਿਰਣਾ ਹੀ ਕਰਨਾ ਹੋਵੇ, ਤਾਂ ਇਹ ਗੱਲ ਵੀ ਸਹਿਜੇ ਹੀ ਉਸੇ ਤਰ੍ਹਾਂ ਦੀ ਭਾਵਨਾ ਨੂੰ ਪ੍ਰਵਾਨ ਕਰ ਲੈਣ ਵਰਗੀ ਹੈ—ਜਿਸ ਨੂੰ ਮਜ਼ਹਬੀ ਭਾਵਨਾ ਨਾਲ ਕੌਮੀਅਤ ਦਾ ਜੋੜਨਾ ਕਿਹਾ ਜਾਂਦਾ ਹੈ।" ਸ੍ਰੀ ਅਮਰ ਭਾਰਤੀ ਦੀ ਇਸ ਧਾਰਨਾ ਨੂੰ ਕਬੂਲ ਨਹੀਂ ਕੀਤਾ ਜਾ ਸਕਦਾ। ਨਾ ਹੀ ਇਹ ਤੱਥ ਤੇ ਆਧਾਰਿਤ ਹੈ ਕਿਉਂਕਿ ਕੌਮੀਅਤ ਵਿਚ ਬੋਲੀ ਤੋਂ ਇਲਾਵਾ ਕਿਸੇ ਇਲਾਕੇ ਵਿਚ ਰਹਿਣਾ ਅਤੇ ਆਰਥਕ ਤੌਰ ਤੇ ਆਤਮ ਨਿਰਭਰ ਹੋਣ ਦੀ ਗੱਲ ਦੇ ਨਾਲ ਨਾਲ ਧਰਮ (ਪਰ ਅੰਸ਼ ਰੂਪ ਵਿਚ) ਅਤੇ ਰਸਮਾਂ-ਰਿਵਾਜਾਂ ਅਤੇ ਧਾਰਮਿਕ, ਸਮਾਜਿਕ ਅਤੇ ਰਾਜਨੈਤਿਕ ਲੀਡਰਾਂ ਦੀਆਂ ਗੱਲਾਂ ਵੀ ਜੁੜੀਆਂ ਹੋਈਆਂ ਹਨ।

ਸਭਿਆਚਾਰ ਅਤੇ ਕੌਮੀਅਤ ਦੀ ਉਸਾਰੀ ਵਿਚ ਬੋਲੀ ਦਾ ਮਹੱਤਵਪੂਰਣ ਹਿੱਸਾ ਜ਼ਰੂਰ ਹੁੰਦਾ ਹੈ, ਪਰ ਕੌਮੀਅਤ, ਸਿਰਫ ਬੋਲੀ ਤੇ ਆਧਾਰਿਤ ਨਹੀਂ ਹੋ ਸਕਦੀ ਅਤੇ ਨਾ ਹੀ ਮਜ਼ਹਬ ਕੌਮੀਅਤ ਦੀ ਉਸਾਰੀ ਦਾ ਵਾਹਦ ਮਾਲਕ ਹੈ।

ਆਸਫ਼ ਸ਼ਾਹਕਾਰ ਦਾ ਇਹ ਇਤਰਾਜ਼ ਕਿ ੧੮੫੭ ਦੇ ਗਦਰ ਵੇਲੇ ਦੇ ਬਾਰਾਂ ਦੇ ਨਾਬਰੀ ਰਾਹਨੁਮਾਵਾਂ ਅਹਿਮਦ ਖਰਲ, ਮਰਾਦ ਫਤਿਆਨਾ ਅਤੇ ਸਾਰੰਗ ਦੀ ਭਾਰਤ ਵਿਚ ਕੋਈ ਯਾਦਗਾਰ ਨਹੀਂ ਅਤੇ ਨਾ ਹੀ ਦੁਲੇ ਭੱਟੀ ਆਦਿ ਦੇ ਨਾਂ ਤੇ ਕੋਈ ਸੜਕ ਦਾ ਨਾਂ ਹੈ, ਬੜਾ ਤੱਥਹੀਣ ਅਤੇ ਅਯੋਗ ਹੈ, ਕਿਉਂਕਿ ਅੱਜ ਤੱਕ ਵੀ ੧੮੫੭ ਦੇ ਗ਼ਦਰ ਜਾਂ ਆਜ਼ਾਦੀ ਦੀ ਲੜਾਈ ਬਾਰੇ ਤੱਥਾਂ ਦੀ ਕਾਫ਼ੀ ਹੱਦ ਤਕ ਅਣਹੋਂਦ ਹੀ ਹੈ, ਕੁਝ ਕੁ ਉਂਗਲਾਂ ਤੇ ਚੁਣੇ ਜਾਣ ਵਾਲੇ ਨਾਂਵਾਂ ਅਤੇ ਥਾਵਾਂ ਦਾ ਹੀ ਜ਼ਿਕਰ ਮਿਲਦਾ ਹੈ। ਅਸੀਂ ਭਾਰਤ ਦੇ ਸੈਂਕੜੇ ਬੇਨਾਮ ਸੂਰਮਿਆਂ ਦੇ ਨਾਂਵਾਂ ਨੂੰ ਆਪਣੀਆਂ ਲਿਖਤਾਂ ਵਿਚ ਨਹੀਂ ਲਿਆ ਸਕੇ, ਤਾਂ ਬਾ... ਵਿਚ ਵਸਦੇ, ਉਸ ਵਕਤ ਦੇ ਕਬੀਲਿਆਂ ਦੇ ਨਾ... ਸਰਦਾਰਾਂ ਦੇ ਕਾਰਨਾਮਿਆਂ ਤੋਂ ਅਣ-ਭਿਜ ਰਹੇ ਹਾਂ, ਤਾਂ ਇ... ਦਾ ਕਾਰਣ ਅਗਿਆਨਤਾ ਜਾਂ ਨਾ ਵਾਕਫ਼ੀਅਤ ਹੀ ... ਅਣਗਹਿਲੀ ਜਾ ਲਾਪ੍ਰਵਾਹੀ ਬਿਲਕੁਲ ਨਹੀਂ।

ਨਾਬਰੀ ਦੇ ਇਨ੍ਹਾਂ ਸੂਰਮਿਆਂ—ਅਹਿਮਦ ਖਰ... ਮੁਰਾਦ ਫ਼ਤਿਆਨਾ ਅਤੇ ਸਾਰੰਗ (ਜ਼ਾਤ ਨਹੀਂ ਲਿਖੀ)— ਜੀਵਨੀ ਤੇ ਅਜੇ ਤਕ ਪਾਕਿਸਤਾਨ ਵਿਚ ਵੀ ਨਹੀਂ ਲਿ... ਗਈ। ਉਨ੍ਹਾਂ ਬਾਰੇ ਲੋਕ-ਬੋਲੀਆਂ ਵਿਚੋਂ ਮਿਲਦੇ ... ਇਸ਼ਾਰੇ ਹੀ ਇਨ੍ਹਾਂ ਦੀ ਸ਼ੋਅ ਦੇਂਦੇ ਹਨ।

ਫੇਰ ੧੮੫੭ ਦੇ ਵਾਕਿਆਤ ਨੂੰ ਅੰਗਰੇਜ਼ੀ ਸਰਕ... ਨੇ ਆਪਣੀ ਤਰ੍ਹਾਂ ਦੀ ਸ਼ਕਲ ਵਿਚ ਪ੍ਰਚਾਰਿਆ ਹੈ। ਜਨ... ਲੀਡਰਾਂ ਦੀ ਗੱਲ ਤਾਂ ਇਕ ਵਾਂਢਿਉਂ ਹੀ ਛੁਪਾਉਣ ... ਕੋਸ਼ਿਸ਼ ਕੀਤੀ ਹੈ। ਇਨਕਲਾਬੀਆਂ ਦੀਆਂ ਜੀਵਨ-ਗਾਥਾ... ਕੌਮਾਂ ਦੀਆਂ ਅਮਾਨਤਾਂ ਤਾਂ ਹੁੰਦੀਆਂ ਹਨ, ਸਰਕਾਰਾਂ ਇਸ ... ਜਾਣਦੀਆਂ ਹਨ। ਇਸੇ ਲਈ ਹਕੂਮਤਾਂ ਉਨ੍ਹਾਂ ਤੇ ਪਰ... ਹੀ ਪਾਈ ਰਖਦੀਆਂ ਹਨ।

"ਇਕ ਮੋਏ ਬੰਦੇ ਦੀ ਕਹਾਣੀ" ਫ਼ਖ਼ਰ ਜ਼ਮਾਂ... ਨਾਵਲ ਤੋਂ ਅਹਿਮਦ ਖਰਲ ਅਤੇ ਮੁਰਾਫ਼ ਫਤਿਆਨਾ ... ਨਾਂਵਾਂ ਦਾ ਪਤਾ ਚਲਿਆ ਅਤੇ ਫੇਰ ਫ਼ਖ਼ਰ ਜ਼ਮਾਂ ਦੇ ਇ... ਪੱਤਰ ਤੋਂ ਹੀ ਵਾਕਫ਼ੀ ਮਿਲੀ ਕਿ ਦੋਵੇਂ ਸੂਰਮੇ, ੧੮... ਦੀ ਲਹਿਰ ਦੇ "ਬਾਰ ਦੇ ਇਲਾਕੇ" ਦੇ ਸੂਰਮੇ ਸਨ।

ਆਸਫ਼ ਸ਼ਾਹਕਾਰ ਨੂੰ, ਇਹ ਗਿਲਾ ਨਹੀਂ ਹੋ... ਚਾਹੀਦਾ ਕਿ ਅਸਾਂ—ਭਾਰਤੀਆਂ ਨੇ—ਇਨ੍ਹਾਂ ਦੇ ਨਾਂਵਾਂ ... ਕੋਈ ਸੜਕਾਂ ਜਾਂ ਹੋਰ ਕੋਈ ਸਮਾਰਕ ਕਿਉਂ ਨਹੀਂ ਕਾਇ... ਕੀਤਾ, ਕਿਉਂਕਿ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕ ਐਸੋਸੀਏਸ਼ਨ ਦੇ ਸ਼ਹੀਦ ਇਨਕਲਾਬੀਆਂ—ਸ਼ਹੀਦੇ ਆ... ਸਰਦਾਰ ਭਗਤ ਸਿੰਘ ਤਕ ਨੂੰ ਲਗਭਗ ਵਿਸਾਰ ਹੀ ਦਿੱ... ਹੈ, ਹਾਲਾਂ ਕਿ ਲਾਹੌਰ ਦੇ ਰਹਿਣ ਵਾਲੇ ਬਜ਼ੁਰਗਾਂ ਨੇ ਉਹ ਤਾਰੀਖ਼ੀ ਮੁਕਦਮਾਂ ਵੀ ਸੁਣਿਆਂ ਹੈ ਅਤੇ ਉਨ੍ਹਾਂ ... ਵਾਕਫ਼ੀ ਵਿਚ ਉਹ ਤਾਰੀਖ਼ੀ ਜਲੂਸ ਵੀ ਹਨ, ਜਿਹੜੇ ਇ... ਬਹਾਦਰਾਂ ਦੀ ਹਮਾਇਤ ਵਿਚ ੧੯੨੯-੩੧ ਦੇ ਸਮੇਂ ਵਿ... ਨਿਕਲਦੇ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਸਭਿਆਚਾਰ ਦੀ ਰੀੜ ਦੀ ਹੱਡੀ—ਪੰਜਾਬੀ ਜ਼ਬਾਨ ਹੈ, ਜਿਵੇਂ ਹਰ ਸਭਿਆਚਾਰ ਦੀ ਜ਼ਬਾਨ ਹੁੰਦੀ ਹੈ। ਜ਼ਬਾਨਾਂ ਦਾ ਵਿਕਾਸ, ਸਭਿਆਚਾਰ ਦੇ ਵਿਕਾਸ ਦਾ ਆਧਾਰ ਹੁੰਦਾ ਹੈ। ਇਸ ਵਾਸਤੇ ਪੰਜਾਬੀ ਜ਼ਬਾਨ ਦੇ ਵਿਕਾਸ ਦੀ ਗੱਲ ਨੂੰ ਵੀ ਸਮਝਣਾ ਜ਼ਰੂਰੀ ਹੈ।

ਸ੍ਰਦਾਰ ਕਿਰਪਾਲ ਸਿੰਘ ਆਜ਼ਾਦ ਨਾਲ "ਪੰਜਾਬੀਅਤ" ਦੀ ਪ੍ਰੀਭਾਸ਼ਾ ਦਾ ਜਦੋਂ ਜ਼ਿਕਰ ਕੀਤਾ ਤਾਂ ਉਨ੍ਹਾਂ ਨੇ ਆਦਿ ਕਾਲ ਤੋਂ ਲੈ ਕੇ ਆਧੁਨਿਕ ਕਾਲ ਤਕ ਦੇ ਇਤਿਹਾਸ ਤੇ ਨਜ਼ਰ ਮਾਰਦਿਆਂ ਕਿਹਾ ਕਿ "ਪੰਜਾਬੀਅਤ ਦੀ ਮੁੱਖ ਗੱਲ "ਅਸਥਿਰਤਾ ਚੋਂ ਸਥਿਰਤਾ" ਦੀ ਸ਼ਕਤੀਸ਼ਾਲੀ ਕੋਸ਼ਿਸ਼ ਹੈ।"

"ਅਸਥਿਰਤਾ ਤੋਂ ਸਥਿਰਤਾ" ਦਾ ਹੀ ਸ਼ਾਇਦ ਇਕ ਰੂਪ, ਕਦੇ "ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ" ਦਾ ਸੀ। ਰੱਜ ਕੇ ਖਾਣ ਤੇ ਚੱਜ ਨਾਲ ਜੀਵਨ ਜੀਉਣ ਦਾ ਮੀਰੀ ਗੁਣ "ਪੰਜਾਬੀਅਤ" ਦਾ ਪ੍ਰਤੀਕ ਹੈ। ਅਤੇ ਰੱਜ ਕੇ ਖਾਣ ਵਾਲੇ ਹੀ "ਮਹਿਮਾਨ ਨਿਵਾਜ਼ੀ" ਦੇ ਤਰਜ਼ਾਂ ਅਤੇ ਤਰਥਾਂ ਨੂੰ ਜਾਣਦੇ ਹਨ।

ਸਿੱਖ ਗੁਰੂਆਂ ਦੀ ਜੀਵਨ-ਜਾਚ, ਜਿਸ ਨੂੰ ਧਾਰਮਿਕ ਸ਼ਬਦਾਵਲੀ ਨੇ "ਰਹਿਤ ਮਰਿਆਦਾ" ਦਾ ਨਾਂ ਦਿੱਤਾ, ਉਨ੍ਹਾਂ ਸਾਰੇ ਮੀਰੀ ਗੁਣਾਂ ਨੂੰ ਆਪਣੇ ਕਲੇਵਰ ਵਿਚ ਸਮੋਇਆ ਹੋਇਆ ਹੈ, ਜਿਹੜੇ ਪੰਜਾਬੀਅਤ ਦੇ ਅਨਿਖੜ ਅਤੇ ਅਹਿਮ ਅੰਗ ਹਨ।

ਪੰਜਾਬੀ ਮਾਵਾਂ, ਆਪਣੇ ਪੁੱਤਰਾਂ ਦੀ ਤਰੱਕੀ, ਖੁਸ਼ਹਾਲੀ ਅਤੇ ਸੁਰੱਖਿਆ ਦੀਆਂ ਅਰਦਾਸਾਂ ਕਰਦੀਆਂ ਹਨ ਅਤੇ ਅਸੀਂ ਸਿੱਖ ਤਾਂ "ਸਰਬਤ ਦਾ ਭਲਾ" ਹਰ ਰੋਜ਼ ਅਰਦਾਸ ਰਾਹੀਂ ਮੰਗਦੇ ਹਾਂ।

ਮੁਸਲਮਾਨਾਂ ਦਾ ਰੱਬ, ਰੱਬ—ਉਲ—ਆਲਮੀਨ ਹੈ, ਰੱਬ-ਉਲ-ਮੁਸਲਮੀਨ ਨਹੀਂ। ਇਸੇ ਵਾਸਤੇ ਪੰਜਾਬੀਅਤ ਦੇ ਪੱਖੋਂ ਦੋਵੇ ਇਕ ਕਿਸਮ ਦੇ ਵਿਚਾਰਾਂ ਦੇ ਧਾਰਣੀ ਹਨ, ਭਾਵੇਂ ਧਾਰਨਾਂ-ਸੂਤ੍ਰ ਵੱਖੋ ਵੱਖਰੇ ਹਨ।

ਸ੍ਰੀ ਅਮਰ ਭਾਰਤੀ ਹੋਰਾਂ ਨੇ ਆਸਫ਼ ਸ਼ਾਹਕਾਰ ਦੇ ਮੁੱਦਿਆਂ ਨੂੰ ਤਿੰਨਾਂ ਹਿੱਸਿਆਂ ਵਿੱਚ ਤਰਤੀਬ ਦਿੱਤਾ ਹੈ ਅਤੇ ਤੀਜਾ ਮੁੱਦਾ ਹੈ--"ਪੰਜਾਬੀਅਤ ਅਤੇ ਪੰਜਾਬੀ ਕੀ ਹੈ?" ਪਰ ਸਾਰੇ ਲੇਖ ਵਿੱਚ ਇਸ ਮੁੱਦੇ ਬਾਰੇ ਮੈਨੂੰ, ਲੇਖ ਵਿਚੋਂ ਕੁਝ ਵੀ ਸਾਰਥਕ ਨਹੀਂ ਮਿਲਿਆ।

ਬਾਕੀ ਦੋ ਮੁੱਦੇ ਪੰਜਾਬੀ ਬੋਲੀ ਨਾਲ ਸੰਬੰਧਿਤ ਹਨ—ਦੋਹਾਂ ਪੰਜਾਬਾਂ ਵਿਚਲੀ ਪੰਜਾਬੀ ਤੇ ਇੱਕ ਪਾਸੇ ਸੰਸਕ੍ਰਿਤ ਦਾ ਤੇ ਦੂਜੇ ਪਾਸੇ ਅਰਬੀ-ਫਾਰਸੀ ਦਾ ਭਾਰੂ ਪ੍ਰਭਾਵ ਪੈ ਰਿਹਾ ਹੈ, ਇਸ ਲਈ ਦੋਹਾਂ ਪਾਸਿਆਂ ਦੇ ਸਾਧਾਰਣ ਪੰਜਾਬੀਆਂ ਨੂੰ ਇਹ ਦੋਵਾਂ ਪਾਸਿਆਂ ਦੀ ਪੰਜਾਬੀ ਸਮਝ ਨਹੀਂ ਆਉਂਦੀ।

ਭਾਰਤੀ ਜੀ ਨੇ ਇਸ ਨੁਕਤੇ ਨੂੰ ਚੰਗੀ ਤਰ੍ਹਾਂ ਵਿਸਥਾਰ ਨਾਲ ਬਿਆਨ ਕੀਤਾ ਹੈ, ਪਰ ਉਸ ਵਿਸਥਾਰ ਨੂੰ ਮੈਂ ਕੁਝ ਉਲਾਰ ਇਸ ਲਈ ਸਮਝਦਾ ਹਾਂ, ਕਿਉਂਕਿ ਉਨ੍ਹਾਂ ਭਾਰਤ ਦੀਆਂ ਸਾਰੀਆਂ ਆਧੁਨਿਕ ਭਾਸ਼ਾਵਾਂ ਦੇ ਸ਼ਬਦਾਂ ਨੂੰ ਕਬੂਲ ਕਰ ਕੇ ਅਮੀਰ ਹੋਣ ਦੀ ਗੱਲ ਤਾਂ ਕੀਤੀ ਹੈ, ਪਰ ਪਾਕਿਸਤਾਨ ਦੀਆਂ ਦੂਜੀਆਂ ਭਾਸ਼ਾਵਾਂ—ਸਿੰਧੀ, ਬਲੋਚੀ, ਪਸ਼ਤੋ ਅਤੇ ਉਰਦੂ ਤੋਂ ਸ਼ਬਦ ਲੈ ਕੇ, ਪਾਕਿਸਤਾਨੀ ਪੰਜਾਬੀ ਵੀ ਅਮੀਰ ਹੋ ਰਹੀ ਹੈ, ਇਸ ਨੂੰ ਨਹੀਂ ਲਿਖਿਆ।

ਸੰਸਕ੍ਰਿਤ ਅਤੇ ਅਰਬੀ-ਫਾਰਸੀ ਪੁਰਾਤਨ ਭਾਸ਼ਾਵਾਂ ਹਨ, ਪਰ ਇਨ੍ਹਾਂ ਦੇ ਪ੍ਰਭਾਵਾਂ ਦੀ ਗੱਲ ਕਰਨਾ ਤਾਂ ਦਰਸਤ ਹੈ ਪਰ ਆਧੁਨਿਕ ਭਾਰਤੀ ਭਾਸ਼ਾਵਾਂ ਵੇਲੇ ਪਾਕਿ-ਆਧੁਨਿਕ ਭਾਸ਼ਾਵਾਂ ਦਾ ਜ਼ਿਕਰ ਕਰਨਾ ਇਨਸਾਫ਼ ਦੀ ਵੀ ਗੱਲ ਹੈ, ਅਤੇ ਮਸਲੇ ਨੂੰ ਅਸਪਸ਼ਟਤਾ ਤੋਂ ਬਚਾਉਣ ਦੀ ਕੋਸ਼ਿਸ਼ ਵੀ।

ਪੰਜਾਬੀ ਬੋਲੀ ਦੇ ਭਰਪੂਰ ਖ਼ਜ਼ਾਨੇ ਨੂੰ ਛੱਡ ਕੇ, ਜਿਹੜਾ ਵੀ ਲੇਖਕ ਕਿਸੇ ਹੋਰ ਬੋਲੀ ਦੇ ਸ਼ਬਦਾਂ ਨੂੰ—ਪੰਜਾਬੀਆਏ ਬਿਨਾਂ ਵਰਤਦਾ ਹੈ, ਤਾਂ ਨਾ ਤਾਂ ਉਸ ਦੇ ਇਸ ਕਾਰਜ ਦੀ ਹਿਮਾਇਤ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਉਹ ਲਾਭਦਾਇਕ ਗੱਲ ਹੈ। ਇਸ ਤੋਂ ਦੋਹਾਂ ਪਾਸਿਆਂ ਦੇ ਪੰਜਾਬੀ ਲੇਖਕਾਂ ਨੂੰ ਬਚਣਾ ਚਾਹੀਦਾ ਹੈ।

ਆਸਫ਼ ਸ਼ਾਹਕਾਰ ਜਦੋਂ ਭਾਰਤ ਦੀ ਵੰਡ ਨੂੰ ਹੀ ਗ਼ਲਤ ਕਹੇ ਤਾਂ ਉਸ ਤੇ ਬਹੁਤੀ ਕਿੰਤੂ ਦੀ ਥਾਂ ਹੀ ਕਿੱਥੇ ਰਹਿ ਜਾਂਦੀ ਹੈ?

ਭਾਰਤੀ ਹੋਰੀਂ ਲਿਖਦੇ ਹਨ "ਮੇਰਾ ਪਹਿਲਾ ਸਵਾਲ ਇਹ ਸੀ ਕਿ ਪਾਕਿਸਤਾਨੀ ਪੰਜਾਬੀ ਲੇਖਕ ਜਾਂ ਵਿਚਾਰਕ



Sri Satguru Jagjit Singh Ji Elibrary NamdhariElibrary@gmail.com

ਦੇਸ਼ ਦੀ ਵੰਡ (੧੯੪੭ ਦੀ) ਬਾਰੇ ਕਿਵੇਂ ਸੋਚਦੇ ਨੇ ? ਉਸ ਦਾ ਜਵਾਬ ਸਪਸ਼ਟ ਸੀ ਕਿ ਉਸ ਵੰਡ ਦਾ ਆਧਾਰ ਮਜ਼ਹਬ ਸੀ, ਜੋ ਕਿ ਕਿਸੇ ਦੇਸ਼ ਦੀ ਕਾਇਮੀ ਲਈ ਤਰਕ ਸੰਗਤ ਆਧਾਰ ਨਹੀਂ ਹੋ ਸਕਦਾ ।"

ਮੈਂ ਇਹ ਗੱਲ ਇਕ ਹੋਰ ਤਰ੍ਹਾਂ ਕਹਿਣਾ ਚਾਹਾਂਗਾ, ਕਿ ਸੰਸਾਰ ਵਿੱਚ ੨੭ ਮੁਸਲਮ ਧਰਮ ਦੇ ਦੇਸ਼ ਹਨ ; ਜੇ ਧਰਮ ਆਧਾਰ ਬਣ ਸਕਦਾ ਹੁੰਦਾ ਤਾਂ ਇਨ੍ਹਾਂ ਨੂੰ ਇਕ ਦੇਸ਼ ਹੋਣਾ ਚਾਹੀਦਾ ਸੀ ਪਰ ਉਹ ਇਕ ਹੋ ਹੀ ਨਹੀਂ ਸਕਦੇ । ਸਗੋਂ ਵਖਰੀ ਹੋਂਦ ਰਖਦੇ ਹਨ ।

ਇਹੋ ਹਾਲ ਈਸਾਈ ਦੇਸ਼ਾਂ ਦਾ ਹੈ ।

ਦੇਸ਼ ਦੀ ਤਰ੍ਹਾਂ ਬੋਲੀ ਦਾ ਵੀ ਮਜ਼ਹਬ ਨਾਲ ਕੋਈ ਸੰਬੰਧ ਨਹੀਂ ਅਤੇ ਕੌਮੀਅਤ ਤਾਂ ਮੁਖ ਰੂਪ ਵਿੱਚ ਦੇਸ਼ ਨਾਲ ਜੁੜੀ ਹੀ ਹੋਈ ਹੈ ।

ਜਿਵੇਂ ਮੈਂ ਪਹਿਲਾਂ ਬਿਆਨ ਕਰ ਚੁਕਾਂ ਕਿ ਬੋਲੀ ਅਤੇ ਉਸ ਤੇ ਆਧਾਰਤ ਰਹਿਤਲ, ਰਹਿਣੀ-ਬਹਿਣੀ ਜਾਂ ਸਭਿਆਚਾਰ, ਨਿਰੰਤਰਤਾ ਲਈ, ਜੀਉਂਦੇ ਰਹਿਣ ਲਈ ਜਿਨ੍ਹਾਂ ਬੋਲੀਆਂ ਅਤੇ ਸਭਿਆਚਾਰਾਂ ਦੀ ਸਾਂਝ ਵਿੱਚ ਆਉਂਦੇ ਹਨ, ਉਹ ਉਨ੍ਹਾਂ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਅਤੇ ਪ੍ਰਭਾਵਿਤ ਵੀ ਕਰਦੇ ਹਨ । ਸ਼ਬਦਾਂ ਦਾ ਆਦਾਨ-ਪ੍ਰਦਾਨ ਜ਼ਰੂਰੀ ਵੀ ਹੈ ਅਤੇ ਚੰਗਾ ਵੀ ਸਭਿਆਚਾਰਾਂ ਦੀ ਸਾਂਝ ਵਿੱਚ ਮਾਨਵੀ ਤੱਥਾਂ ਅਤੇ ਸਦੀਵਤਾ ਦੇ ਗੁਣਾਂ ਨੂੰ ਗ੍ਰਹਿਣ ਕਰ ਕੇ ਨਵੀਆਂ ਅਤੇ ਉਚੇਰੀਆਂ ਤੋਂ ਉੱਚਤਮ ਸ਼ਿਖਰਾਂ—ਚੋਟੀਆਂ-ਵਲ ਵਧਦੇ ਜਾਣਾ ਅਤਿ ਜ਼ਰੂਰੀ ਹੈ ।

ਕਾਨਫਰੰਸਾਂ ਇਨ੍ਹਾਂ ਨਵੀਆਂ ਸਿਖ਼ਰਾਂ ਵਲ ਇਸ਼ਾਰੇ ਵੀ ਕਰਦਿਆਂ ਹਨ ਅਤੇ ਰਾਹ ਦੀ ਔਕੜਾਂ ਤੋਂ ਸੁਚੇਤ ਵੀ ਕਰਦਿਆਂ ਹਨ, ਇਹੋ ਇਨ੍ਹਾਂ ਦਾ ਫਾਇਦਾ ਹੈ ।

ਬੋਲੀ ਅਤੇ ਸਭਿਆਚਾਰ, ਜੀਵਨ ਵਾਂਗ ਸਦੀਵਤਾ ਦੇ ਧਾਰਨੀ ਹਨ ਅਤੇ ਸੁਚੇਤ ਸੱਜਣ ਆਪਣਾ ਹਿੱਸਾ ਪਾ ਕੇ ਆਪਣਾ ਫਰਜ਼ ਨਿਭਾ ਰਿਹਾ ਹੈ, ਨਿਰਵਿਵਾਦ ਤੱਥ ਹੈ ।

੪੦੬/੨ ਜਨਕ ਪਾਰਕ
ਨਵੀਂ ਦਿਲੀ—੧੧੦੦੬੪

---

ਕੁਝ ਆਦਮੀ ਨੁਕਤਾਚੀਨੀ ਕਰਨ ਲਈ ਕਿਤਾਬਾਂ ਪੜ੍ਹਦੇ ਹਨ ਤੇ ਕੁਝ ਆਦਮੀ ਕੁਝ ਸਿਖਣ ਲਈ । ਪਹਿਲੀ ਕਿਸਮ ਦੇ ਆਦਮੀ ਜ਼ਹਿਰੀਲੇ ਮੱਕੜਿਆਂ ਵਾਂਗ ਹਨ ਜੋ ਜ਼ਹਿਰੀਲੇ ਮਾਦੇ ਹੀ ਇਕੱਠੇ ਕਰਦੇ ਹਨ । ਦੂਜੀ ਕਿਸਮ ਦੇ ਮਧੂ-ਮੱਖੀਆਂ ਵਾਂਗ ਹਨ ਜੋ ਮਿੱਠਾ ਮਾਖਿਉਂ ਇਕਠਾ ਕਰਦੀਆਂ ਹਨ ।

—ਐਲ. ਐਸਟੇਂਜ਼

Approved By Department of :
AGRICULTURE PUNJAB GOVERNMENT
High Class Manufacturers of :
- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE QUALITY MARK PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ
ਸਾਜ਼ ਸਾਮਾਨ ਬਨਾਉਣ ਵਾਲੇ ।

TRADE MARK
JASPAL

Grams : HABI INDUSTRIES Phone : 2 37
HABI INDUSTRIES (Rsgd)
10, Industrial Area, PHAGWARA



Sri Satguru Jagjit Singh Ji Elibrary NamdhariElibrary@gmail.com

ਵਿਅੰਗ ਲੇਖ :—

# ਤਕਦੀਰ :

—ਵੀਨਾ ਰਾਣੀ ਐਮ. ਏ.—

ਬਾਹਰੋਂ ਥੱਕ ਹਾਰ ਕੇ ਆਓ ਤਾਂ ਦਿਲ ਕਰਦਾ ਹੈ ਕਿ ਘਰ ਜਾਂਦੀ ਹੀ ਕੋਈ ਇਹੋ ਜਿਹਾ ਮਨ-ਪ੍ਰਚਾਵਾ ਕੀਤਾ ਜਾਵੇ ਜਿਸ ਨਾਲ ਸਾਰੇ ਦਿਨ ਦੀ ਥਕਾਵਟ ਉਡ-ਪੁਡ ਜਾਵੇ। ਕਈ ਲੋਕ ਬਾਹਰੋਂ ਆ ਕੇ ਗਰਮ-ਗਰਮ ਚਾਹ ਪੀ ਕੇ ਆਪਣੀ ਥਕਾਵਟ ਉਤਾਰਦੇ ਹਨ ਅਤੇ ਕਈ ਆਪਣੇ ਬਾਲ-ਬੱਚਿਆਂ ਨਾਲ ਖੇਡ ਕੇ। ਸਭ ਦੇ ਆਪਣੇ-ਆਪਣੇ ਤਰੀਕੇ ਹਨ। ਪਰ ਮੈਂ ਜਦੋਂ ਵੀ ਬਾਹਰੋਂ ਥੱਕ ਕੇ ਆਵਾਂ ਤਾਂ ਮੈਨੂੰ ਜੇ ਸੁਣਨ ਨੂੰ ਰੇਡੀਓ ਤੋਂ ਚੰਗੇ ਚੰਗੇ ਗਾਣੇ ਮਿਲ ਜਾਣ ਤਾਂ ਮੇਰੀ ਥਕਾਵਟ ਇਕਦਮ ਉਤਰ ਜਾਂਦੀ ਹੈ।

ਅੱਜ ਰਾਤ ਜਦੋਂ ਕਿਸੇ ਦੀ ਵਿਆਹ ਦੇ ਰਾਤਰੀ ਭੋਜ ਤੋਂ ਬਾਦ ਘਰ ਪਹੁੰਚੀ ਤਾਂ ਥਕਾਵਟ ਨਾਲ ਬੁਰਾ ਹਾਲ ਸੀ। ਲੇਟ ਵੀ ਬਹੁਤ ਹੋ ਗਈ ਸੀ। ਰੇਡੀਓ ਚਲ ਰਿਹਾ ਸੀ। ਪਹਿਲਾ ਹੀ ਗਾਣਾ ਸੀ, "ਲਿਖਨੇ ਵਾਲੇ ਨੇ ਲਿਖਦੀ ਮੇਰੀ ਤਕਦੀਰ ਮੇਂ ਬਰਬਾਦੀ" ਮੈਨੂੰ ਇਸ ਪਹਿਲੀ ਲਾਈਨ ਨੇ ਹੀ ਇੰਨਾ ਉਲਝਾ ਲਿਆ ਕਿ ਮੈਂ ਬਾਕੀ ਦਾ ਗਾਣਾ ਸੁਣ ਹੀ ਨਾ ਸਕੀ। ਅੱਖਾਂ ਬੰਦ ਕਰ ਕੇ ਲੇਟ ਗਈ ਤੇ ਉਸ ਲਿਖਣ ਵਾਲੇ ਦੇ ਦਫਤਰ ਦੀ ਕਲਪਨਾ ਕਰਨ ਲਗ ਪਈ।

ਪਹਿਲਾ ਸਵਾਲ ਮਨ ਵਿਚ ਇਹ ਆਇਆ ਕਿ ਸਕਿੰਟ ਸਕਿੰਟ ਵਿਚ ਜੰਮਣ ਵਾਲੇ ਬੱਚੇ ਦੀ ਇੰਨੀ ਲੰਬੀ ਚੌੜੀ ਉਮਰ ਦੀ ਤਕਦੀਰ ਉਹ ਕਿਵੇਂ ਲਿਖ ਦੇਂਦਾ ਹੈ। ਕਿਧਰੇ ਇਵੇਂ ਤਾਂ ਨਹੀਂ ਕਰਦਾ ਜਿਵੇਂ ਇਕ ਨਿਪੁੰਨ ਦਰਜੀ ਕਪੜੇ ਕੱਟ-ਕੱਟ ਕੇ ਆਪਣੇ ਸ਼ਾਗਿਰਦਾਂ ਨੂੰ ਦਿੰਦਾ ਰਹਿੰਦਾ ਹੈ ਤੇ ਉਹ ਜਿਵੇਂ ਦੇ ਉਹਨਾਂ ਨੂੰ ਆਉਂਦੇ ਹਨ, ਉਵੇਂ ਦੇ ਬੈਠੇ ਸੀਂਦੇ ਰਹਿੰਦੇ ਹਨ। ਇਵੇਂ ਹੀ ਕਿਤੇ ਉਪਰ ਬੈਠਾ ਸਾਗੀਆਂ ਤਕਦੀਰਾਂ ਖਰਾਬ ਕਰਵਾਈ ਜਾਵੇ। ਫਿਰ ਵੀ ਏਨੀਆਂ ਤਕਦੀਰਾਂ ਲਿਖਣੀਆਂ ਬਹੁਤ ਮੁਸ਼ਕਲ ਹੈ। ਲਗਦਾ ਹੈ ਜਿਨ੍ਹਾਂ ਦੀਆਂ ਤਕਦੀਰਾਂ ਲਿਖਣ ਵਿਚ ਥੋੜ੍ਹੀ ਜਿੰਨੀ ਵੀ ਦੇਰ ਹੋ ਜਾਂਦੀ ਹੈ ਉਹੀ ਦੋ ਚਾਰ ਸਾਹ ਲੈ ਕੇ ਮਰ ਜਾਂਦੇ ਹਨ। ਇੰਨੀਆਂ ਤਕਦੀਰਾਂ ਦਾ ਲੇਖ ਕਿਵੇਂ ਰਖਦਾ ਹੋਣਾ ਹੈ ਵਿਚਾਰਾ। ਫਿਰ ਹਰ ਘੜੀ ਕਿਸ ਦਾ ਕੀ ਸਵਾਰਨਾ ਹੈ ਅਤੇ ਕੀ ਵਿਗਾੜਨਾ ਹੈ ਇਹ ਸਾਰਾ ਇੰਨਾ ਕੁਝ ਕਿਵੇਂ ਕਰਦਾ ਹੋਣਾ ਹੈ ਵਿਚਾਰਾ। ਕਈ ਵਾਰ ਕਿਸੇ ਦੀ ਫਾਇਲ ਕਿਸੇ ਨਾਲ ਬਦਲ ਵੀ ਤਾਂ ਸਕਦੀ ਹੈ। ਇਥੇ ਤਾਂ ਜੇ ਕਦੀ ਕਿਸੇ ਬੈਂਕ, ਯੂਨੀਵਰਸਿਟੀ, ਸਨੇਮੇ ਜਾਂ ਬੱਸ ਸਟੈਂਡ ਕਿਧਰੇ ਵੀ ਚਲੇ ਜਾਈਏ ਇੰਝ ਲਗਦਾ ਹੈ, ਜਿਵੇਂ ਹੁਣੇ ਹੁਣੇ ਭੂਚਾਲ ਆ ਕੇ ਹਟਿਆ ਹੋਵੇ। ਪਰ ਜਿਥੇ ਇੰਨੀ ਤੇਜ਼ ਕਾਰਵਾਈ ਹੁੰਦੀ ਹੋਵੇਗੀ ਉਥੇ ਕੀ ਹਾਲ ਹੋਣਾ ਹੈ। ਕਿਧਰੇ ਕੁਝ ਛਪਣ ਤੋਂ ਬਿਨਾ ਵੀ ਰਹਿ ਜਾਂਦਾ ਹੋਣਾ ਹੈ ਜਾਂ ਕਿਧਰੇ ਗਲਤ ਵੀ ਛਪ ਜਾਂਦਾ ਹੋਣਾ ਹੈ। ਲਗਦਾ ਹੈ ਉਧਰ ਵੀ ਕੰਪਯੂਟਰ ਹੋਣਾ ਹੈ ਤਕਦੀਰਾਂ ਲਿਖ ਕੇ ਉਸ ਵਿਚ ਪਾ ਦਿਤੀਆਂ ਜਾਂਦੀਆਂ ਹੋਣੀਆਂ ਹਨ। ਫਿਰ ਸਭ ਆਪਣੇ ਆਪ ਹੁੰਦਾ ਰਹਿੰਦਾ ਹੋਣਾ ਹੈ। ਪਰ ਗਲਤੀ ਨਾਲ ਜੇ ਰਬ ਕਿਸੇ ਦੀ ਤਕਦੀਰ ਦਾ ਪਰਚਾ ਪੂਰਾ ਬਣਾ ਲਵੇ ਤੇ ਰੱਖ ਕੇ ਭੁਲ ਜਾਵੇ ਤਾਂ ਉਸ ਭਲੇ ਮਾਣਸ ਦਾ ਕੀ ਬਣੇ ਜਿਹੜਾ ਇਸ ਤਕਦੀਰ ਦਾ ਅਸਲੀ ਮਾਲਕ ਸੀ।

ਦੂਜਾ ਸਵਾਲ ਮਨ ਵਿਚ ਆਇਆ ਕਿ ਲਿਖਣ ਵਾਲੇ ਨੇ ਤਾਂ ਕਲਮ ਹੀ ਘਸਾਣੀ ਹੁੰਦੀ ਹੈ, ਫਿਰ ਉਹ ਕਿਸਮਤਾਂ ਚੰਗੀਆਂ ਮਾੜੀਆਂ ਕਿਉਂ ਲਿਖਦਾ ਹੈ। ਇਹ ਬਰਬਾਦੀ ਆਬਾਦੀ ਦੇ ਅਫਸਾਨੇ ਕਿਉਂ ਨਹੀਂ ਬਨਣ ਤੋਂ ਰੋਕਦਾ। ਮਾੜੀਆਂ ਤਕਦੀਰਾਂ ਲਿਖ ਕੇ ਲੋਕਾਂ ਤੋਂ ਗਾਲ੍ਹਾਂ ਕਿਉਂ ਖਾਂਦਾ ਹੈ। ਜਦੋਂ ਜਦੋਂ ਰੱਬ ਹੀ ਪੱਖਪਾਤ ਕਰਨ ਤੋਂ ਨਹੀਂ ਹਟਦਾ ਤਾਂ ਬੰਦਾ ਕਿਸ ਬਾਗ ਦੀ ਮੂਲੀ ਹੈ। ਸੱਚ ਹੀ ਤਾਂ ਕਹਾਵਤ ਹੈ ਕਿ ਜਿਹੋ ਜਿਹੇ ਮਾਏ ਉਹੋ ਜਿਹੇ ਜਾਏ। ਜਦੋਂ ਜਿਸ ਨੇ ਦੁਨੀਆਂ ਸਾਜੀ ਹੈ ਉਹ ਇਹੋ ਜਿਹੇ ਕੰਮ ਕਰਦਾ ਹੈ ਤਾਂ ਬੰਦਾ ਉਸ ਦੇ ਹੱਥ ਦਾ ਪੁਤਲਾ ਹੈ। ਸ਼ਾਇਦ ਰੱਬ ਵੀ ਮਜਬੂਰ ਹੋਵੇ ਉਧਰੋਂ ਕਿਸੇ ਬੰਦੇ ਦੀ ਸਿਫਾਰਸ਼ ਕਰ ਕੇ ਉਸ ਨੂੰ ਇਹ ਸਭ ਕਰਨਾ ਪੈਂਦਾ ਹੋਵੇ। ਜ਼ਰੂਰ ਇਹੋ ਗੱਲ ਹੋਣੀ ਹੈ। ਉਸ ਦੇ ਭੇਜੇ ਹੋਏ ਕਿਸੇ ਬੰਦੇ ਨਾਲ ਇਸ ਗੱਲ ਦੀ ਇਹੋ ਜਿਹੀ ਬੂ ਆਈ ਕਿ ਇਥੇ ਵੀ ਗੰਦ ਪਾ ਕੇ ਰੱਖ ਦਿਤਾ। ਜਿਹੜਾ ਵੀ ਕੰਮ ਦੇਖੋ ਬਿਨਾ ਸਿਫਾਰਸ਼ ਤੋਂ ਬਣਦਾ ਹੀ ਨਹੀਂ।



Sri Satguru Jagjit Singh Ji Elibrary NamdhariElibrary@gmail.com

ਕਿਉਂ ਨਹੀਂ ਉਹ ਇਕੋ ਜਿਹੀਆਂ ਤਕਦੀਰਾਂ ਲਿਖਕੇ ਇਨਸਾਫ ਦੀ ਗੱਲ ਕਰਦਾ। ਉਸ ਲਈ ਵੀ ਸੌਖਾ ਕੰਮ ਹੋ ਜਾਵੇ। ਇਕ ਚੰਗੀ ਜਿਹੀ ਤਕਦੀਰ ਲਿਖ ਕੇ ਬਾਕੀ ਦੀਆਂ ਫੋਟੋ ਸਟੇਟ ਕਰਵਾ ਲਵੇ। ਉਹ ਵੀ ਸੌਖਾ ਉਸ ਦੇ ਬੰਦੇ ਵੀ ਸੌਖੇ। ਨਹੀਂ ਤਾਂ ਵਿਚਾਰੇ ਮਾੜੀਆਂ ਤਕਦੀਰਾਂ ਵਾਲੇ ਇਵੇਂ ਹੀ ਕਹਿੰਦੇ ਰਹਿ ਜਾਂਦੇ ਹਨ :

ਖੁਸ਼ ਨਸੀਬ ਬਦਨਸੀਬੋਂ ਕੋ
ਬਦਨਾਮ ਕੀਆ ਕਰਤੇ ਹੈਂ
ਬਦਨਸੀਬ ਆਪਣੇ ਨਸੀਬੋਂ ਕੋ
ਇਲਜ਼ਾਮ ਦੀਆ ਕਰਤੇ ਹੈਂ।
ਖੁੱਦ ਮਿਟਾ ਦੇ ਨਾਮ ਖੁਸ਼ਨਸੀਬੋਂ ਕਾ,
ਜੋ ਬਦਨਸੀਬੋਂ ਕਾ ਜੀਨਾ ਹਰਾਮ ਕੀਆਂ ਕਰਤੇ ਹੈਂ।

ਵਡੇ ਵਡੇ ਮਹਾਂਪੁਰਸ਼ਾਂ ਦਾ ਕਹਿਣਾ ਹੈ ਕਿ ਸਭ ਕਰਮਾਂ ਦੀ ਮਿਹਰਬਾਨੀ ਹੈ। ਇਸ ਦਾ ਮਤਲਬ ਹੈ ਕਿ ਕ੍ਰਿਕਟ ਦੇ ਰੈਫਰੀ (ਐਂਪਾਇਰ) ਦੀ ਤਰ੍ਹਾਂ ਉਪਰ ਵੀ ਕੋਈ ਰੈਫਰੀ ਬਿਠਾਇਆ ਹੋਇਆ ਹੈ ਜਿਹੜਾ ਝਟਪਟ ਚੌਕੇ ਛੱਕੇ ਨੋਟ ਕਰਦਾ ਹੈ। ਇਨ੍ਹਾਂ ਮਹਾਂਪੁਰਸ਼ਾਂ ਦਾ ਕਹਿਣਾ ਹੈ ਕਿ ਇਹ ਸਭ ਕਰਮਾਂ ਦੀ ਮਿਹਰਬਾਨੀ ਹੈ ਜਿਹੜਾ ਚੰਗੇ ਕੰਮ ਕਰਦਾ ਹੈ ਉਹ ਚੰਗੇ ਦਾ ਭਾਗੀ ਹੁੰਦਾ ਹੈ ਤੇ ਮਾੜੇ ਕੰਮ ਕਰਨ ਵਾਲਾ ਮਾੜੇ ਦਾ ਭਾਗੀ ਹੁੰਦਾ ਹੈ। ਪਰ ਸੋਚਣ ਦੀ ਗੱਲ ਤਾਂ ਇਹ ਹੈ ਕਿ ਜਦ ਜੋ ਕਰਨਾ ਹੈ ਜਾਂ ਹੋਣਾ ਹੈ ਸਭ ਉਹ ਲਿਖ ਕੇ ਭੇਜਦਾ ਹੈ ਤਾਂ ਫਿਰ ਬੰਦੇ ਵਿਚਾਰੇ ਦਾ ਕੀ ਦੋਸ਼ ਹੈ। ਬੰਦੇ ਲਈ ਕੋਈ ਸਜ਼ਾ ਨਹੀਂ ਹੋਣੀ ਚਾਹੀਦੀ। ਇਹ ਜੇਲ੍ਹਾਂ, ਪੁਲਿਸ, ਫਾਂਸੀ ਆਦਿ ਬੰਦੇ ਨੇ ਪਤਾ ਨਹੀਂ ਕਿਉਂ ਸ਼ੁਰੂ ਕਰ ਦਿਤੇ, ਇਨ੍ਹਾਂ ਦੀ ਤਾਂ ਕੋਈ ਲੋੜ ਹੀ ਨਹੀਂ ਸੀ। ਰੱਬ ਬੈਠਾ ਤਾਂ ਹੈ ਸਜ਼ਾ ਦੇਣ ਨੂੰ ਫਿਰ ਖਾਮਖਾਹ ਦੀ ਇਹ ਸਿਰ ਦਰਦੀ ਕਿਉਂ। ਬੰਦਾ ਆਪ ਤਾਂ ਕੁਝ ਕਰਦਾ ਨਹੀਂ। ਰੱਬ ਕਰਵਾਉਂਦਾ ਹੈ ਤਾਂ ਬੰਦੇ ਨੂੰ ਸਜ਼ਾ ਕਿਉਂ ਮਿਲੇ ?

ਮੁਕਦੀ ਗੱਲ ਇਹ ਕਿ ਇਨ੍ਹਾ ਢਾਂਡਸ ਰਚਣ ਦੀ ਰੱਬ ਨੂੰ ਕੀ ਜ਼ਰੂਰਤ ਪਈ ਈ। ਉਸ ਨੇ ਤਾਂ ਸ਼ੁਰੂ ਸ਼ੁਰੂ ਵਿਚ ਸ਼ਾਇਦ ਕੋਈ ਦਿਲਲਗੀ ਕੀਤੀ ਹੋਵੇ ਪਰ ਉਸ ਨੇ ਇਹ ਕਰਕੇ ਨਾਲੇ ਤਾਂ ਆਪਣੇ ਗੱਲ ਮੁਸੀਬਤ ਪਾ ਲਈ ਤੇ ਨਾਲ ਬੰਦੇ ਦੇ ਗਲ ਵੀ ਪਾ ਦਿਤੀ। ਕੌਣ ਛੁਡਾਵੇ ਹੁਣ ਇਸ ਮੁਸੀਬਤ ਤੋਂ ਰੱਬ ਦੇ ਬੰਦਿਆਂ ਨੂੰ ?

# ਪੰਜਾਬੀ ਸਾਹਿਤ ਸਮੀਖਿਆ ਬੋਰਡ

## ਸਾਲ ੧੯੯੨ ਲਈ ਪੁਰਸਕਾਰ

ਪੰਜਾਬ ਸਾਹਿਤ ਸਮੀਖਿਆ ਬੋਰਡ ਦੇ ਜਨਰਲ ਸਕੱਤਰ ਸਰਦਾਰ ਈਸ਼ਰ ਸਿੰਘ ਅਟਾਰੀ ਸੂਚਨਾ ਦੇਂਦੇ ਹਨ ਕਿ ਸਾਲ ੧੯੯੨ ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਵਿਚੋਂ ਬੋਰਡ ਨੇ ਹੇਠ ਲਿਖੀਆਂ ਪੁਸਤਕਾਂ ਨੂੰ ਵਰਸ਼ ਦੀਆਂ ਉਤਮ ਰਚਨਾਵਾਂ ਦੇ ਤੌਰ ਤੇ ਚੁਣਿਆ ਹੈ। ਇਹਨਾਂ ਪੁਸਤਕਾਂ ਦੇ ਲੇਖਕਾਂ ਨੂੰ ਛੇਤੀ ਹੀ ਵਾਰਸ਼ਿਕ ਪੁਰਸਕਾਰ ਸਮਾਰੋਹ ਵਿਚ ਸਨਮਾਨਿਤ ਕੀਤਾ ਜਾਵੇਗਾ।

ਪੁਸਤਕਾਂ ਇਸ ਅਨੁਸਾਰ ਹਨ :

ਕਵਿਤਾ, ਸਫ਼ਰ ਦੀਆਂ ਪੈੜਾਂ (ਹਰਿਭਜਨ ਸਿੰਘ ਹੁੰਦਲ), ਨਾਵਲ : ਰਾਤ ਦੇ ਰਾਹੀ (ਕਰਮਜੀਤ ਸਿੰਘ ਕੁੱਸਾ) ਨਾਟਕ : ਦੋਜ਼ਖੀ (ਹਰਸਰਨ ਸਿੰਘ), ਕਹਾਣੀ : ਰਿਸ਼ਤਿਆਂ ਦਾ ਦਰਦ (ਗੁਰਬਖਸ਼ ਬਾਹਲਵੀ); ਲਲਿਤ ਨਿਬੰਧ : ਉਦਾਸ ਦਰਖਤਾਂ ਦੇ ਮੌਨ ਨਗਮੇ (ਕੁਲਬੀਰ ਸਿੰਘ ਕਾਂਗ), ਆਲੋਚਨਾ : ਆਲੋਚਨਾ ਪ੍ਰਣਾਲੀਆਂ (ਡਾ: ਰਵਿੰਦਰ ਰਹੀ) ਖੋਜ : ਜਨਮਸਾਖੀ ਮਿਥ ਵਿਗਿਆਨ (ਡਾ: ਮਨਜੀਤ ਸਿੰਘ), ਯਾਤਰਾ ਸਾਹਿਤ : ਸੈਲਾਨੀ ਦੀ ਦੇਸ਼ ਯਾਤਰਾ (ਪਿਆਰਾ ਸਿੰਘ ਦਾਤਾ), ਜੀਵਨੀ ਸਾਹਿਤ : ਗਦਰੀ ਬਾਬਾ ਵਸਾਖਾ ਸਿੰਘ (ਬਿਕਰਮ ਸਿੰਘ ਘੁੰਮਣ), ਹਾਸ ਵਿਅੰਗ : ਖਰੀਆਂ ਖੋਟੀਆਂ (ਕੇ. ਐਲ. ਗਰਗ), ਵਿਸ਼ੇਸ਼ ਅੰਕ ਸੰਪਾਦਕ : ਪੰਜਾਬੀ ਦੁਨੀਆਂ-ਰੰਗ ਮੰਚ ਅੰਕ (ਅਜੀਤ ਸਿੰਘ ਕੱਕੜ), (ਪੱਤਰਕਾਰਿਤਾ : ਰਘਬੀਰ ਸਿੰਘ (ਸੰਪਾਦਕ ਸਿਰਜਨਾ), ।

ਇਸ ਅਵਸਰ ਉਤੇ 'ਪੰਜਾਬੀ ਸਾਹਿਤ ਵਿਚ ਇਸਤਰੀ ਦੀ ਅਜ਼ਾਦੀ ਦਾ ਸੰਕਲਪ' ਵਿਸ਼ੇ ਉਤੇ ਗੋਸ਼ਟੀ ਕਰਵਾਈ ਜਾਵੇਗੀ।

---

—ਮੇਰੇ ਕੋਲ ਕਲਮ ਹੈ, ਸੂਝਵਾਨ ਅਖੀਆਂ ਹਨ ਤੇ
ਚੁਕੰਨੇ ਕੰਨ ਹਨ, ਪਰ ਫੇਰ ਵੀ ਮੈਂ ਆਪਣੀ ਲਕੜੀ ਪਾੜਣ
ਵਾਲੇ, ਹਲ ਵਾਹਕ ਅਤੇ ਰਸੋਈਏ ਅਗੇ ਸ਼ਰਮਸਾਰ ਹਾਂ,
ਕਿਉਂਕਿ ਉਹ ਇਕ ਪ੍ਰਕਾਰ ਦੀ ਸਵੈ ਪੂਰਨਤਾ ਰਖਦੇ ਹਨ
ਪਰ ਮੈਂ ਉਹਨਾਂ ਉਤੇ ਆਸਰਿਤ ਹਾਂ

—ਐਮਰਸਨ

—ਕੋਈ ਵੀ ਕੋਮ ਉੱਨਾ ਚਿਰ ਖੁਸ਼ਹਾਲ ਨਹੀਂ ਹੋ
ਸਕਦੀ ਜਿੰਨਾ ਚਿਰ ਉਹ ਇਹ ਨਹੀਂ ਸਿਖਦੀ ਕਿ
ਖੇਤ ਵਾਹਣ ਬੀਜਣ ਵਿਚ ਵੀ ਉੱਨੀ ਸ਼ਾਨ ਹੈ
ਜਿੰਨੀ ਕਿ ਕਵਿਤਾ ਲਿਖਣ ਵਿਚ।

—ਬੁਕਰ ਟੀ. ਵਾਸ਼ਿੰਗਟਨ


Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੋਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER | Phone : 3805

## MODERN GUN WORKS

Opp. Industrial Estate,
JAMMU CANTT.

---

With best compliments from :-

## *NAMDHARI BROTHERS*

Prop. S. AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G. ELECTRIC MOORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

---

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji Elibrary NamdhariElibrary@gmail.com

# ਮਕੜੀ ਦਾ ਜੀਵਨ

—ਠਾਕਰ ਦਲੀਪ ਸਿੰਘ



ਲੇਖਕ

ਮਕੜੀ ਬਾਰੇ ਵਿਗਿਆਨਕ ਅਧਾਰ ਤੇ ਬਹੁਤ ਖੋਜ ਕੀਤੀ ਗਈ ਹੈ, ਅਤੇ ਬਹੁਤ ਸਾਰੀਆਂ ਪੁਸਤਕਾਂ ਵੀ ਲਿਖੀਆਂ ਗਈਆਂ ਹਨ। ਬਹੁਤਾਤ ਭਾਂਵੇ ਵਿਦੇਸ਼ੀ ਲੇਖਕਾਂ ਦੀ ਹੈ, ਪਰ ਹਿੰਦੁਸਤਾਨੀ ਲੇਖਕਾਂ ਵੀ ਆਪਣਾ ਯੋਗਦਾਨ ਇਸ ਕੰਮ ਵਿਚ ਪਾਇਆ ਹੈ। ਮਿਸਾਲ ਦੇ ਤੌਰ ਤੇ ਸੁਖ ਦਿਆਲ ਦੀ ਲਿਖੀ ਕਿਤਾਬ 'ਸਪਾਈਡਰਜ਼ ਆਫ ਲਾਹੌਰ' ੧੯੩੫ ਵਿਚ ਪੰਜਾਬ ਯੂਨੀਵਰਸਿਟੀ ਨੇ ਛਾਪੀ ਸੀ, ਜਿਸ ਦੀ ਪ੍ਰਮਾਣਿਕਤਾ ਇਸ ਗਲ ਤੋਂ ਸਿੱਧ ਹੁੰਦੀ ਹੈ ਕਿ "ਐਨਸਾਈਕਲੋ ਪੀਡੀਆਂ ਬ੍ਰਿਟੈਨਿਕਾ" ਨੇ ਵੀ ਇਸ ਕਿਤਾਬ ਚੋਂ ਲੋੜ ਅਨੁਸਾਰ ਜਾਣਕਾਰੀ ਲੈ ਕੇ, ਆਪਣੀ ਪੁਸਤਕ ਵਿਚ ਦਿਤੀ ਹੈ। ਪਰ ਬਦਕਿਸਮਤੀ ਇਹ ਕਿ ਸਾਰਾ ਕੁਛ ਹੁੰਦਿਆਂ ਹੋਇਆਂ ਵੀ ਸਾਡੀ ਮਾਂ ਬੋਲੀ ਪੰਜਾਬੀ ਵਿਚ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਮਿਲਦੀ। ਇਹ ਲੇਖ ਪੰਜਾਬੀਆਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਹੀ ਲਿਖਿਆ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਕ ਪਾਠ ਪੁਸਤਕ (ਦੋ ਭਾਗ) 'ਜੁਆਲੋਜੀ' ਪ੍ਰਕਾਸ਼ਿਤ ਕੀਤੀ ਹੈ। ਕੀੜਿਆਂ ਮਕੌੜਿਆਂ ਤੇ ਹੋਰ ਜੀਵਾਂ ਸਬੰਧੀ ਵਿਗਿਆਨਕ ਪੱਖ ਤੋਂ ਇਸ ਵਿਚ ਉੱਤਮ ਜਾਣਕਾਰੀ ਹੈ। ਹਰ ਕੁਦਰਤ ਪ੍ਰੇਮੀ ਪੰਜਾਬੀ ਨੂੰ ਇਹ ਪੁਸਤਕ ਪੜ੍ਹਨੀ ਚਾਹੀਦੀ ਹੈ। ਸਤਾਰਵੀਂ ਸਦੀ ਦੇ ਅੱਧ ਤੋਂ ਪਹਿਲਾਂ ਤਕ ਜੀਵਾਂ ਦੇ ਵਿਗਿਆਨਕ ਨਾਵਾਂ ਲਈ ਅੱਜ ਵਾਂਗ ਕੋਈ ਵੀ ਇਕੋ ਸੁਲਝਿਆ ਢੰਗ ਸਾਰੀ ਦੁਨੀਆ ਵਿਚ ਪ੍ਰਚਲਤ ਨਹੀਂ ਸੀ। ਸੰਨ ੧੭੫੮ ਵਿਚ 'ਲਿਨੀਅਸ' ਨਾਮੀ ਵਿਗਿਆਨਕ ਨੇ ਸਭ ਤੋਂ ਪਹਿਲੋਂ ਅਜੋਕੇ ਵਰਤੇ ਜਾਂਦੇ ਢੰਗ ਦੀ ਕਾਢ ਕੱਢੀ। ਇਸ ਅਨੁਸਾਰ ਹਰ ਜੀਵ ਨੂੰ ਦੋ ਭਾਗਾਂ ਵਾਲਾ ਨਾਮ ਉਸਦੇ ਗੁਣਾਂ ਤੇ ਅਧਾਰਤ ਦਿਤਾ ਗਿਆ। ਇਹੋ ਢੰਗ ਅਜੇ ਵੀ ਕਾਮਯਾਬੀ ਨਾਲ ਸਾਰੀ ਦੁਨੀਆ ਤੇ ਵਿਗਿਆਨਕ ਵਰਤਦੇ ਹਨ, ਪਰ ਹੋਂਨ ਇਹ ਸਾਰੇ ਨਾਮ ਹੀ ਲਾਤੀਨੀ ਭਾਸ਼ਾ ਵਿਚ। ਹਰ ਜੀਵ ਨੂੰ ਹੇਠ ਲਿਖੇ ਕਰਮ ਅਨੁਸਾਰ ੬ ਭਾਗਾਂ ਵਿਚ ਵੰਡਿਆਂ ਗਿਆ ਹੈ। ਕਬੀਲਾ (ਫਾਈਲਮ) ਸ਼ਰੇਣੀ (ਕਲਾਸ) ਵਰਗ (ਆਰਡਰ) ਪ੍ਰੀਵਾਰ (ਫੈਮਲੀ) ਜਿਨਸ (ਜਿਨਸ) ਅਤੇ ਨਸਲ (ਸਪੀਸੀਜ਼)। ਇਕੋ ਜਿਹੇ ਦੇਹ ਗੁਣਾ ਦੇ ਮਾਲਕ ਜੀਵ ਇਕ 'ਨਸਲ' ਵਿਚ, ਐਸੀਆਂ ਇਕੋ ਜਿਹੀਆਂ ਜਾਪਦੀਆਂ ਕਈ 'ਨਸਲਾਂ' ਇਕ ਜਿਨਸ ਵਿਚ, ਕਰੀਬ ਕਰੀਬ ਮਿਲਦੀਆਂ 'ਜਿਨਸਾਂ' ਇਕ 'ਪਰਿਵਾਰ' ਵਿਚ ਰਖੀਆਂ ਗਈਆਂ। ਕਈ ਪਰਿਵਾਰਾਂ ਦੇ ਇੱਕ ਇੱਕਠ ਨੂੰ 'ਵਰਗਾਂ' ਦਾ ਨਾਮ ਦੇ ਕੇ, ਫਿਰ ਕਈ 'ਵਰਗਾਂ' ਤੋਂ ਇਕ 'ਸ਼ਰੇਣੀ' ਤੇ ਕਈ ਸ਼ਰੇਣੀਆਂ ਮਿਲਕੇ ਆਖਰ ਨੂੰ ਇਕ 'ਕਬੀਲਾ' ਬਣਿਆ। ਹਰ ਨਾਮ ਦੇ ਦੋ ਹਿਸਿਆਂ ਵਿਚੋਂ ਪਹਿਲਾ ਹਿੱਸਾ ਜੀਵ ਦੀ ਜਿਨਸ ਦਾ ਪ੍ਰਤੀਕ ਹੁੰਦਾ ਹੈ, (ਇਹ ਨਾਉਂ ਹੁੰਦਾ ਹੈ), ਦੂਜਾ ਹਿਸਾ ਇਸ ਦੀ ਨਸਲ ਦਾ ਪ੍ਰਤੀਕ ਹੁੰਦਾ ਹੈ, (ਇਹ ਵਿਸ਼ੇਸ਼ਣ ਹੈ)। ਜਿਵੇਂ ਕਿ "ਫੇਲਿਸ ਡੁਮੈਸਟਿਕਸ" ਘਰੇਲੂ ਬਿੱਲੀ ਦਾ ਵਿਗਿਆਨਕ ਨਾਮ ਹੈ। ਇਸ ਵਿਚ 'ਫੇਲਿਸ' ਇਸ ਦੀ ਜਿਨਸ ਦਾ ਪ੍ਰਤੀਕ ਹੈ ਤੇ 'ਡੁਮੈਸਟਿਕ' (ਵਿਸ਼ੇਸ਼ਣ) ਦਾ ਭਾਵ ਹੈ ਘਰੇਲੂ। ਹਰ ਭਾਸ਼ਾ ਵਿਚ ਬਿੱਲੀ ਦਾ ਇਹ ਵਿਗਿਆਨਕ ਨਾਮ ਇਨਾਂ 'ਲਾਤੀਨੀ' ਸ਼ਬਦਾਂ ਵਿਚ ਹੀ ਲਿਖਿਆ ਜਾਂਦਾ ਹੈ।

'ਆਰਥਰੋਪੋਡਾ' ਕਬੀਲਾ ਸੰਸਾਰ ਵਿੱਚ ਸਭ ਤੋਂ ਵੱਡਾ ਹੈ। ਇਸ ਕਬੀਲੇ ਵਿਚ ੭,੦੦,੦੦੦ ਦੇ ਕਰੀਬ ਨਸਲਾਂ



Sri Satguru Jagjit Singh Ji Elibrary NamdhariElibrary@gmail.com

ਹਨ। ਇਸ ਕਬੀਲੇ ਦੇ ਜੀਵ ਹਰ ਵਾਤਾਵਰਨ ਵਿਚ ਬੜੀ ਕਾਮਯਾਬੀ ਨਾਲ, ਬੜੇ ਸੁਧਰੇ ਢੰਗ ਨਾਲ ਰਹਿ ਰਹੇ ਹਨ। ਕੇਕੜੇ, ਝੀਂਗਾ ਮੱਛੀਆਂ, ਕੰਨ ਖਜੂਰੇ, ਅਠੂਹੇਂ, ਮਕੜੀਆਂ ਤੇ ਕੀੜੇ ਪਤੰਗੇ ਇਸੇ ਕਬੀਲੇ ਵਿਚੋਂ ਹਨ। ਉਪਰੋਕਤ ਸਾਰੇ ਜੀਵਾਂ ਦੀਆਂ ਮਿਲਦੀਆਂ ਵਿਸ਼ੇਸ਼ਤਾਵਾਂ ਚੋਂ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਇਹਨਾਂ ਜੀਵਾਂ ਦੀਆਂ ਜੋੜਾਂ ਜੜੀਆਂ ਲੱਤਾਂ। ਜੀਵਾਂ ਦੇ ਇਸ ਕਬੀਲੇ ਦਾ ਨਾਮ 'ਆਰਥਰੋਪੋਡਾ' ਇਨ੍ਹਾਂ ਲੱਤਾਂ ਕਰਕੇ ਹੀ ਪਿਆ ਹੈ। ਇਹ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਨੂੰ ਮਿਲਾ ਕੇ ਬਣਿਆ ਹੈ, ਆਰਥਰੋ ਤੇ ਪੋਡਾ 'ਆਰਥਰੋ' ਦਾ ਅਰਥ ਹੈ ਜੋੜ ਤੇ 'ਪੋਡਾ' ਦਾ ਅਰਥ ਹੈ ਪੈਰ। ਯਾਨੀ ਕਿ ਜੋੜਾਂ ਵਾਲੇ ਪੈਰ (ਲੱਤਾਂ)। ਇਸ ਕਬੀਲੇ ਦੇ ਜੀਵਾਂ ਵਿਚ ਕੁੱਝ ਮਨੁੱਖ ਦੇ ਦੁਸ਼ਮਣ ਤੇ ਕੁਝ ਦੋਸਤ ਹਨ। ਬਹੁਤਿਆਂ ਜੀਵਾਂ ਦਾ ਸਰੀਰ ਤਿੰਨਾਂ ਭਾਗਾਂ ਵਿਚ ਵੰਡਿਆ ਹੁੰਦਾ ਹੈ, ਸਿਰ, ਛਾਤੀ ਤੇ ਪੇਟ ਧੜ)। ਪਰ ਇਸੇ ਕਬੀਲੇ ਦਾ ਇਕ ਜੀਵ ਮਕੜੀ ਵੀ ਹੈ, ਜਿਸ ਦਾ ਸਰੀਰ ਸਿਰਫ ਦੋ ਭਾਗਾਂ ਵਿਚ ਹੀ ਵੰਡਿਆ ਹੋਇਆ ਹੈ। ਸਿਰ, ਛਾਤੀ ਤੇ ਪੇਟ। ਇਸੇ ਜੀਵ ਬਾਰੇ ਤੁਸੀਂ ਇਸ ਲੇਖ ਵਿਚ ਵਿਆਖਿਆ ਸਹਿਤ ਪੜ੍ਹੋਂਗੇ। ਕੀੜੇ-ਮਕੌੜੇ ਸਾਰੇ ਜੀਵਾਂ ਤੋਂ ਵੱਧ ਗਿਣਤੀ ਵਿਚ ਧਰਤੀ ਤੇ ਵਸਦੇ ਹਨ। ਵਿਗਿਆਨਕ ਹੁਣ ਤਕ ੭,੫੦,੮੦੦ ਕਿਸਮਾਂ ਦਾ ਸਿਰਫ ਪਤਾ ਲਾ ਸਕੇ ਹਨ, ਅਤੇ ਇਹ ਗਿਣਤੀ ਹੀ ਇਤਨੀ ਹੈ ਕਿ ਬਾਕੀ ਸਾਰੇ ਜੀਵ-ਵਰਗਾਂ ਨੂੰ ਮਿਲਾਉਣ ਤੇ ਵੀ. ਉਨ੍ਹਾਂ ਨਾਲੋਂ ਵੱਧ ਜਾਂਦੀ ਹੈ। ਅੰਦਾਜ਼ਾ ਕੀਤਾ ਗਿਆ ਹੈ, ਕਿ ਇਹ ਜੀਵ ਕਰੀਬ ਵੀਹ ਕਰੋੜ ਸਾਲਾਂ ਤੋਂ ਇਸ ਧਰਤੀ ਦੇ ਵਸਨੀਕ ਹਨ, ਅਤੇ ਹਰ ਕਿਸਮ ਦੇ ਤੱਤੇ-ਠੰਢੇ ਮੌਸਮ ਵਿਚ ਵਸਦੇ ਹਨ।

ਕਈ ਵਾਰ ਕੀੜਿਆਂ ਦੇ ਨਜ਼ਦੀਕੀ ਸੰਬੰਧੀਆਂ ਨੂੰ ਵੀ ਆਮ ਆਦਮੀ ਕੀੜੇ ਹੀ ਸਮਝ ਲੈਂਦਾ ਹੈ, ਜਿਵੇਂ ਮਕੜੀ ਆਦਿ। ਪਰ ਅਸਲ ਵਿਚ ਇਨ੍ਹਾਂ ਦਾ ਕਾਫੀ ਫਰਕ ਹੈ। ਮਕੜੀ ਦੇ ਸਰੀਰ ਦੇ ਦੋ ਭਾਗ, ੪ ਜੋੜੇ ਲਤਾਂ, ਤੇ ਬਿਨਾ ਖੰਭ ਹੋਣਾ, ਇਸ ਨੂੰ ਕੀੜਿਆ ਨਾਲੋਂ ਵਖ ਕਰਦਾ ਹੈ।

ਮਕੜੀ ਅਰਾਚਨਿਡਾ ਸ਼੍ਰੇਣੀ ਵਿਚੋਂ ਹੈ। ਇਹ ਲਾਤੀਨੀ ਸ਼ਬਦ ਯੂਨਾਨ ਦੀ ਇਕ ਲੋਕਪ੍ਰਸਿੱਧ ਕਹਾਣੀ ਤੋਂ ਲਿਆ ਗਿਆ ਹੈ। ਯੂਨਾਨ ਵਾਸੀ ਇਕ ਔਰਤ, "ਅਰਾਚਨੇ" ਨੇ "ਅਥੰਨੇ" ਨਾਮੀਂ ਇਕ ਦੇਵੀ ਨੂੰ ਬੁਣਤੀ ਦੇ ਮੁਕਾਬਲੇ ਲਈ ਵੰਗਾਰਿਆ ਦੇਵੀ ਨੇ ਉਸ ਵੰਗਾਰ ਨੂੰ ਪ੍ਰਵਾਨ ਕੀਤਾ। ਮੁਕਾਬਲਾ ਹੋਇਆ ਕਲਾਪੂਰਣ ਤੇ ਛੇਤੀ ਬੁਣਨ ਵਿੱਚ। ਅਰਾਚਨੇ ਨੇ ਦੇਵੀ ਨੂੰ ਹਰਾ ਦਿਤਾ। ਖੇਡ ਭਾਵਨਾ ਨੂੰ ਤਿਆਗ ਕੇ ਅਥੰਨੇ ਦੇਵੀ ਨੇ ਅਰਾਚਨੇ ਦੇ ਬੁਣੇ ਹੋਏ ਸੁੰਦਰ ਤੇ ਕਲਾ ਪੂਰਨ ਗਲੀਚੇ ਨੂੰ ਫੀਤੀ ਫੀਤੀ ਕਰ ਦਿਤਾ। ਇਥੇ ਹੀ ਬਸ ਨਹੀਂ, ਈਰਖਾਲੂ ਦੇਵੀ ਨੇ ਅਰਾਚਨੇ ਨੂੰ ਮਕੜੀ ਬਣਾ ਕੇ ਜੁਗਾਂ ਜੁਗਾਂ ਲਈ ਬੁਣਤੀ ਕਰਨ ਦੀ ਸਜ਼ਾ ਵੀ ਦੇ ਦਿਤੀ। ਤਦ ਤੋਂ ਹੀ ਮਕੜੀ ਅੱਜ ਤੀਕ ਬੁਣਤੀ ਕਰ ਰਹੀ ਹੈ।

ਅਰਾਨੇ ਵਰਗ ਦਾ ਇਹ ਜੀਵ (ਮਕੜੀ) ਅਰਾਚਨਿਡਾ ਵਿਚੋਂ ਸਭ ਤੋਂ ਮਸ਼ਹੂਰ ਹੈ। ਹਰ ਮਕੜੀ ਸ਼ਿਕਾਰ ਕਰਕੇ ਗੁਜ਼ਾਰਾ ਕਰਦੀ ਹੈ। ਇਸ ਦੇ ਮੂੰਹ ਦੇ ਚਾਰੇ ਪਾਸੀਂ ਜਬਾੜਿਆਂ ਵਿਚੋਂ, ਸ਼ਿਕਾਰ ਨੂੰ ਮਾਰਨ ਲਈ ਜ਼ਹਿਰੀਲੇ ਦੰਦ ਹੁੰਦੇ ਹਨ, ਜਿਨਾਂ ਨਾਲ ਇਹ ਆਪਣੇ ਸ਼ਿਕਾਰ ਨੂੰ ਮਾਰਦੀ ਹੈ।

ਮਕੜੀ ਦੁਨੀਆਂ ਵਿਚ ਆਮ ਵੇਖਿਆ ਜਾ ਸਕਣ ਵਾਲਾ ਇਕ ਜੀਵ ਹੈ। ਹਰ ਘਰ, ਬਾਗ, ਜੰਗਲ ਤੇ ਖੇਤੀ ਵਿਚ ਇਸ ਦੀਆਂ ਵਖੋ ਵੱਖ ਕਿਸਮਾਂ, ਵੇਖਣ ਨੂੰ ਆਮ ਮਿਲਦੀਆਂ ਹਨ। ਸੂਰਜ ਚੜ੍ਹਨ ਤੇ ਛਿਪਣ ਵਕਤ, ਖੇਤਾਂ ਵਿਚ ਇਸ ਦੇ ਰੇਸ਼ਮੀ ਜਾਲੇ ਆਮ ਤੌਰ ਤੇ ਸੌਖੇ ਦਿਸ ਜਾਂਦੇ ਹਨ। ਆਮ ਕੀੜਿਆਂ ਨਾਲੋਂ, ਮਕੜੀ ਦੀ ਵਖਰੀ ਪਛਾਣ ਹੈ ਇਸ ਦੇ ਸਰੀਰ ਦੀ ਸਿਰਫ ਦੋ ਭਾਗੀ ਵੰਡ, ਸਿਰ ਅਤੇ ਧੜ। ਉਂਜ ਤਾਂ ਸਭ ਜੀਵ ਜੰਤੂਆਂ ਨਾਲੋਂ ਇਸ ਦਾ ਵਖਰੇਵਾਂ ਇਸ ਦੀਆਂ ਅਟੇਰਨੀਆਂ ਪੇਟ ਥਲੇ ਹੋਣ ਦਾ ਹੁੰਦਾ ਹੈ। ਪ੍ਰਮਾਤਮਾ ਨੇ ਮਕੜੀ ਦੇ ਸਿਰ ਤੇ ਛਾਤੀ ਦੀ ਇਕ ਰੂਪਤਾ ਐਸੇ ਉਤਮ ਢੰਗ ਨਾਲ ਕੀਤੀ ਹੈ ਕਿ ਇਨਾਂ ਨੂੰ ਵਖੋ ਵਖ ਕਰਨਾ ਅਸੰਭਵ ਹੈ। ਧੜ ਅਤੇ ਸਿਰ ਛਾਤੀ ਇਕ ਪਤਲੀ ਨਾੜੀ ਰਾਹੀਂ ਆਪਸ ਵਿਚ ਜੁੜੇ ਹੁੰਦੇ ਹਨ।

ਭਾਂਵੇ ਅਸੀਂ ਮੰਨੀਏ ਜਾਂ ਨਾ, ਪਰ ਦਰਅਸਲ ਮਕੜੀ ਮਾਨਵਤਾ ਦੇ ਵਡ ਸੇਵਾਦਾਰਾਂ ਚੋਂ ਇੱਕ ਹੈ। ਇਸ ਸੇਵਾਦਾਰ ਦੀ ਅਣਹੋਂਦ ਵਿਚ ਮਨੁੱਖੀ ਜੀਵਨ ਨੂੰ ਅਤਿਅੰਤ ਮੁਸ਼ਕਿਲਾਂ ਆ ਸਕਦੀਆਂ ਹਨ। ਵੱਡਾ ਸੇਵਾਦਾਰ ਹੋਣ ਦਾ ਕਾਰਨ ਹੈ, ਮਕੜੀ ਦਾ ਮੱਛਰ-ਮੱਖੀ ਆਦਿ ਕੀੜੇ ਪਤੰਗਿਆਂ ਨੂੰ ਖਾ ਕੇ ਉਨ੍ਹਾਂ ਦੀ ਗਿਣਤੀ ਨੂੰ ਸੀਮਿਤ ਰਖਣਾ। ਜੇ ਇਹਨਾਂ ਜੀਵਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਮਕੜੀ ਨਾ ਖਾਵੇ ਤਾਂ ਇਹ ਇਤਨੀ ਬਹੁ ਗਿਣਤੀ ਵਿਚ ਹੋ ਜਾਣ ਕਿ ਮਨੁੱਖ ਦਾ ਜੀਵਨ ਮੁਸ਼ਕਲ ਪੈ ਜਾਵੇ। ਦੁਨੀਆਂ ਵਿਚ ਮਕੜੀਆਂ ਦੀ ਗਿਣਤੀ ਅਪਾਰ ਹੈ, ਇਹ ਬੜੇ ਥੋੜੇ ਥਾਂ ਵਿਚ ਬਹੁਤ ਸਾਰੀਆਂ ਰਹਿ ਸਕਦੀਆਂ ਹਨ। ਜਿਵੇਂ ਕਿ ਇਕ ਏਕੜ ਵਿਚ ਦੋ ਲੱਖ ਤੋਂ ਵੀ ਵੱਧ ਰਹਿ ਸਕਦੀਆਂ ਹਨ। ਵਿਗਿਆਨਕਾਂ ਦੇ ਖਿਆਲ ਅਨੁਸਾਰ ਸਾਰੀ ਮਨੁੱਖਤਾ ਦੇ ਵਜ਼ਨ ਨਾਲੋਂ ਕਈ ਗੁਣਾ ਵੱਧ ਵਜ਼ਨ ਦੇ ਕੀੜੇ ਮਕੌੜੇ ਹਰ ਸਾਲ ਮਕੜੀਆਂ ਹੜੱਪ ਕਰ ਜਾਂਦੀਆਂ ਹਨ। ਮਕੜੀ ਦੀਆਂ ਬਹੁਤੀਆਂ ਨਸਲਾਂ ਦਾ ਆਕਾਰ ਆਮ ਤੌਰ ਤੋਂ ਕਾਫੀ ਛੋਟਾ ਹੁੰਦਾ ਹੈ, ਪਰ ਗਰਮ ਦੇਸ਼ਾਂ ਵਿਚ ਕੁਛ ਨਸਲਾਂ ਦਾ ਆਕਾਰ ਕਾਫੀ ਵੱਡਾ ਵੀ ਹੋ ਜਾਂਦਾ ਹੈ।

ਇਨ੍ਹਾਂ ਜੀਵਾਂ ਲਈ ਸਰਦੀ ਹੋਵੇ ਜਾਂ ਗਰਮੀ, ਕੋਈ ਵੀ ਮੌਸਮ ਕਰੜਾ ਨਹੀਂ। ੨੨੫੦੦ ਫੁੱਟ ਦੀ ਉਚਾਈ ਉਤੇ ਐਵਰੈਸਟ ਚੋਟੀ ਦੇ ਨੇੜੇ ਅਤੇ ਧਰਤੀ ਦੀ ਸਤਹ ਤੋਂ ੧੯੫੦ ਫੁਟ ਥਲੇ ਤਕ ਕੰਦਰਾ ਵਿੱਚ ਵੀ ਵਿਗਿਆਨਕਾਂ ਨੂੰ ਮਕੜੀਆਂ ਮਿਲੀਆਂ ਹਨ। ਬਰਫ ਲੱਦੀਆਂ ਚੋਟੀਆਂ ਤੇ, ਜੰਗਲਾਂ ਵਿਚ, ਮੈਦਾਨਾਂ ਵਿਚ, ਖੇਤੀ ਵਿਚ ਤੇ ਰੜੇ ਥਾਂ, ਪਾਣੀ ਦੇ ਉਤੇ ਤੇ ਥਲੇ ਵੀ, ਛਪੜਾਂ ਕੰਢੇ, ਬਹੁਤ ਸਲ੍ਹਾਬੇ ਵਿੱਚ, ਰੇਗਿਸਤਾਨ ਵਿਚ ਅਤੇ ਮੁਕਦੀ ਗੱਲ ਘਰਾਂ ਵਿਚ ਤਾਂ ਇਹ ਆਮ ਮਿਲਦੀਆਂ ਹਨ।

ਮਕੜੀ ਦੀਆਂ ਅੱਖਾਂ ਕਮਜ਼ੋਰ ਹੁੰਦੀਆਂ ਹਨ, ਪਰ ਦਿਮਾਗ ਬਹੁਤ ਹੀ ਉਸਦਾ ਤਕਨੀਕੀ ਜਾਣਕਾਰੀ ਰਖਣ ਵਾਲਾ ਅਤੇ (ਮਨੁੱਖ ਵਾਂਗ) ਯਾਦਾਂ ਸਾਂਭਣ ਯੋਗ, ਅਤਿਅੰਤ ਉੱਨਤ ਹੁੰਦਾ ਹੈ।

ਮਕੜੀ ਦੇ ਅਤਿ ਸੁੰਦਰ ਰੇਸ਼ਮੀ ਜਾਲੇ ਨੂੰ ਬੁਣਨ ਦੀ ਕਿਰਿਆ, ਪਰਮਾਤਮਾ ਦੀਆਂ ਅਨੇਕ ਕਰਾਮਾਤਾਂ ਚੋਂ ਇਕ ਆਮ ਜਾਣੀ ਪਛਾਣੀ ਕਰਾਮਾਤ ਹੈ। ਦੁਨੀਆਂ ਦੀਆਂ ਬਹੁਤੀਆਂ ਵਸਤੂਆਂ ਨਾਲੋਂ ਸਖਤ ਇਹ ਜਾਲਾ, ਬਹੁਤ ਹੀ ਘੱਟ ਟੁਟਦਾ ਹੈ, ਅਸਲ ਲੰਬਾਈ ਨਾਲੋਂ ਪੰਜ ਗੁਣਾ ਲੰਬਾਈ ਤੱਕ ਵੀ ਵਧ ਜਾਂਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜੋ ਜਾਲੇ ਦੀ ਤਾਰ ਅਸੀਂ ਅੱਖ ਨਾਲ ਦੇਖਦੇ ਹਾਂ, ਇਹ ਕਿਤਨੀਆਂ ਹੀ ਬਾਰੀਕ ਤਾਰਾਂ ਰਲ ਕੇ ਬਣਦੀ ਹੈ, ਇਹ ਬਰੀਕ ਤਾਰਾਂ ਸਿਰਫ ਖੁਰਦਬੀਨ ਨਾਲ ਹੀ ਦਿਸ ਸਕਦੀਆਂ ਹਨ। ਇਥੋਂ ਤਕ ਕਿ ਇਕ ਤਾਰ ਦੀ ਮੋਟਾਈ



ਮਕੜੀ ਦੁਆਰਾ ਸਿਰਜੇ ੬ ਓ ਦੀ ਲੇਖਕ ਰਾਹੀਂ ਖਿਚੀ ਫੋਟੋ :

ਇਕ ਮਿਲੀ ਮੀਟਰ ਦੇ ਦਸ ਹਜ਼ਾਰਵੇਂ ਹਿੱਸੇ ਤੋਂ ਲੈ ਕੇ, ਲੱਖਵੇਂ ਹਿੱਸੇ ਦੀ ਬਾਰੀਕੀ ਤਕ ਵੀ ਹੁੰਦੀ ਹੈ।

ਮਕੜੀ ਦਾ ਜਾਲਾ ਰੇਸ਼ਮ, ਸਾਧਾਰਨ ਰੇਸ਼ਮ ਨਾਲੋਂ ਸਖਤ, ਹਲਕਾ ਤੇ ਬਾਰੀਕ ਹੁੰਦਾ ਹੈ, ਇਸ ਲਈ, ਮਕੜੀ-ਰੇਸ਼ਮ ਦੀ ਵਰਤੋਂ ਦ੍ਰਿਸ਼ਟੀ ਸਬੰਧੀ ਉਪਕਰਣਾਂ ਵਿਚ ਹੁੰਦੀ ਹੈ। "ਆਰਗੀ ਓਪ ਓਰੰਨਦੀਆਂ" ਆਦਿ ਕਿਸਮਾਂ ਦੇ ਅੰਡੇ ਸਾਂਭਣ ਵਾਲੀਆਂ ਰੇਸ਼ਮੀ ਥੈਲੀਆਂ ਦਾ ਰੇਸ਼ਮ ਇਸ ਕੰਮ ਲਈ ਵਰਤਿਆ ਜਾਂਦਾ ਹੈ। ਕਿਉਂਕਿ ਇਸ ਇਕੋ ਤੰਦ ਦੀ ਲੰਬਾਈ ੪੦੦੦ ਮੀਟਰ ਤੋਂ ਵੀ ਵੱਧ ਹੁੰਦੀ ਹੈ। ਇਤਨਾ ਬੇ-ਮਸਾਲ ਤੇ ਅਦਭੁੱਤ ਰੇਸ਼ਮ ਹੋਣ ਤੇ ਵੀ, ਇਸ ਦੀ ਵਪਾਰਿਕ ਉਪਜ ਹੁਣ ਤਕ ਸਫਲਤਾ ਪੂਰਵਕ ਨਹੀਂ ਹੋ ਸਕੀ। ਇਕ ਬਾਗ ਜਿਸ ਵਿਚ ਮਕੜੀਆਂ ਨੂੰ ਰਖਕੇ ਪਾਲਿਆ ਜਾਵੇ। ਇਕ ਇਕ ਨੂੰ ਉਸਦੀ ਖੁਰਾਕ ਪੁਚਾਈ



Sri Satguru Jagjit Singh Ji Elibrary NamdhariElibrary@gmail.com

ਜਾਵੇ, ਤੇ ਗਿਣਤੀ ਵੀ ਸੀਮਿਤ ਰਖੀ ਜਾਵੇ, ਰਖ ਸਕਣਾ ਬਹੁਤ ਮੁਸ਼ਕਿਲ ਹੈ। ਐਸੇ ਬਾਗ ਅਤੇ ਮਕੜੀਆਂ ਨੂੰ ਰਖਣ ਦਾ ਖਰਚ ਖੇਚਲ ਇਤਨਾ ਹੁੰਦਾ ਹੈ ਕਿ ਉਹ ਵਪਾਰਕ ਤੌਰ ਤੇ ਵਾਰਾ ਨਹੀਂ ਖਾਂਦਾ। ਅਫਰੀਕਾ ਮਹਾਦੀਪ ਦੇ ਇਕ ਟਾਪੂ ਮਦਗਾਸਕਰ ਵਿਚ ਇਕ ਸਫਲ ਕੋਸ਼ਿਸ਼ ਦੇ ਬਾਵਜੂਦ ਵੀ ਮੇਹਨਤ ਮਜਦੂਰੀ ਬਹੁਤ ਮਹਿੰਗੀ ਪੈਂਦੀ ਵੇਖ ਕੇ, ਇਹ ਕੰਮ ਛੱਡ ਦਿਤਾ ਗਿਆ ਸੀ

ਹਰ ਕਿਸਮ ਦੇ ਢਿੱਡ ਥਲੇ ਅਟੇਰਨੀਆਂ (ਜਾਲਾ ਕਤਣ ਵਾਲਾ ਯੰਤਰ) ਹੁੰਦੀਆਂ ਹਨ, ਆਮ ਤੌਰ ਤੇ ਇਸ ਯੰਤਰ ਦੇ ਤਿੰਨ ਜੋੜੇ ਹੁੰਦੇ ਹਨ, ਪਰ ਵੱਧ ਤੋਂ ਵੱਧ ਚਾਰ ਜੋੜੇ 'ਲਿਫਿਟ ਮੋਟਛੋ' ਦੇ ਹੁੰਦੇ ਹਨ। ਘੱਟ ਤੋਂ ਘੱਟ ਇਕ ਜੋੜੇ ਵਾਲੀਆਂ ਵੀ ਨਸਲਾਂ ਮਿਲੀਆਂ ਹਨ। ਅਟੇਰਨੀਆਂ ਦੇ ਅਕਾਰ ਦਾ ਜਾਲੇ ਦੇ ਅਕਾਰ ਨਾਲ ਕੋਈ ਸੰਬੰਧ ਨਹੀਂ। ਰੇਸ਼ਮੀ ਜਾਲੇ ਦੇ ਮੂਲ ਪਦਾਰਥ (ਜੋ ਕਿ ਤਰਲ ਹੁੰਦਾ ਹੈ।) ਦੇ ਨਿਕਲਣ ਲਈ ਅਟੇਰਨੀ ਵਿਚ ਬਰੀਕ ਬਰੀਕ ਕਈ ਮੋਰੀਆਂ ਹੁੰਦੀਆਂ ਹਨ। ਰਸ ਥੈਲੀਆਂ ਤੋਂ ਅਟੇਰਨੀਆਂ ਤਕ ਇਹ ਰਸ ਪੁਚਾਉਣ ਲਈ, ਵਾਲਾਂ ਵਰਗੀਆਂ ਬਰੀਕ ਕਈ ਨਾਲੀਆਂ ਹੁੰਦੀਆਂ ਹਨ। ਜਾਲੇ ਦੀ ਬੁਣਤੀ ਵਾਸਤੇ ਸਾਰੀਆਂ ਅਟੇਰਨੀਆਂ ਨੂੰ ਮਕੜੀ ਇੱਕਠਿਆਂ ਕਰਦੀ ਹੈ, ਤਾਂ ਕਿ ਸਾਰੀਆਂ ਬ੍ਰੀਕ ਤਾਰਾਂ ਨੂੰ ਇੱਕਠਿਆਂ ਕਰਕੇ, ਇਕ ਮੋਟੀ ਤਾਰ ਬਣ ਸੱਕੇ। ਮਕੜੀ ਦੇ ਪੇਟ ਵਿਚਲੀਆਂ ਅਨੇਕਾਂ ਰਸ ਥੈਲੀਆਂ ਚੋਂ ਨਿਕਲਿਆ ਇਹ ਪਦਾਰਥ, ਹਵਾ ਲਗਣ ਤੇ ਸਖਤ ਹੋ ਕੇ ਰੇਸ਼ਮੀ ਤਾਰ ਦਾ ਰੂਪ ਧਾਰ ਲੈਂਦਾ ਹੈ।

ਭਾਂਵੇਂ ਅਰਾਚਨਿਡਾ ਜਾਤੀ ਦੇ ਹੋਰ ਕੀੜਿਆਂ ਵਿਚ ਵੀ ਜਾਲਾ ਬੁਣ ਸਕਣ ਦੀ ਸਮਰਥਾ ਹੁੰਦੀ ਹੈ, ਪਰ ਉਨਾਂ ਦੀਆਂ ਅਟੇਰਨੀਆਂ ਤੇ ਰੇਸ਼ਮੀ ਰਸ ਥੈਲੀਆਂ ਸਰੀਰ ਦੇ ਅਗਲੇ ਭਾਗ ਵਿਚ ਹੁੰਦੀਆਂ ਹਨ। ਕਈ ਕੀੜੇ ਆਪਣੇ ਥੁੱਕ ਦਾ ਜਾਲਾ ਬੁਣਦੇ ਹਨ। ਪਰ ਮਕੜੀ ਜੈਸੀ ਅਨੋਖੀ ਕਲਾ ਵਾਲਾ ਹੋਰ ਕੋਈ ਜੀਵ ਨਹੀਂ।

ਮਕੜੀ ਦਾ ਮੰਡਲਾਕਾਰ ਜਾਲਾ ਇਕ ਉਹ ਅਦਭੁੱਤ ਚੀਜ ਹੈ, ਜਿਸ ਵਿਚ ਕਿ ਹਰ ਘੁਰੀ ਮਿਣ ਤੋਲ ਕੇ ਇਕੋ ਜਿਹੀ ਬਣਾਈ ਹੁੰਦੀ ਹੈ। (ਹਰ ਜਾਲਾ ਮੰਡਲਾਕਾਰ ਗੋਲ ਨਹੀਂ ਹੁੰਦਾ, ਲੋੜ ਮੁਤਾਬਕ ਲੰਬੂਤਰਾ ਜਾਂ ਹੋਰ ਕਿਸੇ ਸ਼ਕਲ ਦਾ ਵੀ ਹੋ ਸਕਦਾ ਹੈ।) ਇਹ ਜਾਲਾ ਮਕੜੀ ਨੂੰ ਹਵਾਈ ਸਫਰ ਕਰਨ ਵਿਚ ਮੱਦਦ ਦੇਂਦਾ ਹੈ, ਅਤੇ ਭੁੰਜੇ ਡਿੱਗਣ ਤੋਂ ਬਚਾਉਣਾ ਹੈ, ਸ਼ਿਕਾਰ ਨੂੰ ਫਸਾਉਣ ਲਈ, ਕੜਿੱਕੀ ਦਾ ਕੰਮ ਦਿੰਦਾ ਹੈ। ਪਰ ਸਾਰੀਆਂ ਮਕੜੀਆਂ ਜਾਲੇ ਦੀ ਵਰਤੋਂ ਫੰਦਾ ਲਾਉਣ ਲਈ ਨਹੀਂ ਕਰਦੀਆਂ, ਜਿਵੇਂ ਕਿ ਕੇਕੜਾ ਤੇ ਬਘਿਆੜ ਮਕੜੀ ਆਦਿ।

ਮੰਡਲਾਕਾਰ ਜਾਲਾ ਬੁਨਣ ਲਗਿਆਂ, ਮਿਸਤਰੀਆਂ ਦੀ ਪੈੜ ਵਾਂਗ, ਸਭ ਤੋਂ ਪਹਿਲੀ ਤਾਰ, ਇਕ ਤੋਂ ਦੂਜੇ ਪਾਸੇ ਨੂੰ ਧਰਤੀ ਦੇ ਸਮਾਂਨੰਤਰ ਖਿੱਚੀ ਜਾਂਦੀ ਹੈ। ਉਸ ਤਾਰ ਨੂੰ ਕਿਸੇ ਤੀਲੇ, ਜਾਂ ਘਾਹ ਆਦਿ ਨਾਲ ਗੰਢ ਦੇ ਕੇ, ਤਾਰ ਸਹਾਰੇ ਥਲੇ ਉਤਰਕੇ, ਫਿਰ ਦੂਜੇ ਤੀਲੇ ਤੇ ਚੜ੍ਹਕੇ, ਉਸੇ ਤਾਰ ਨੂੰ ਖਿੱਚ ਦੇ ਕੇ, ਕੱਸ ਕੇ ਬੰਨ ਦਿਤਾ ਜਾਂਦਾ ਹੈ। ਹਰ ਕਿਸਮ ਦੀ ਮਕੜੀ ਵਖੋ ਵੱਖ ਢੰਗ ਦੀਆਂ ਗੰਢਾਂ ਦਿੰਦੀ ਹੈ, ਅਤੇ ਕਿਸੇ ਵਸਤੂ ਤੋਂ ਆਪਣੀ ਰੇਸ਼ਮ-ਡੋਰ ਸਹਾਰੇ ਡਿਗਣ ਲਗਿਆਂ, ਉਸੇ ਵਸਤੂ ਨਾਲ ਅਟੇਰਨੀਆਂ ਛੂਹਾਕੇ, ਰੇਸ਼ਮੀ ਡੋਰ ਨੂੰ ਚਿਪਕਾ ਦਿੰਦੀ ਹੈ। ਮੰਜਿਲ ਤੇ ਪੁਜਕੇ ਡੋਰ ਦਾ ਸਿਰਾ ਤੋੜ ਦਿਤਾ ਜਾਂਦਾ ਹੈ। ਜਦੋਂ ਇਕ ਪਾਸੇ ਤਾਰ ਦੀ ਪੈੜ ਬਣ ਜਾਂਦੀ ਹੈ ਤਾਂ ਦੂਜੇ ਪਾਸੇ ਦੀ ਪੈੜ ਬਣਾਉਣ ਲਈ, ਮਕੜੀ, ਉਪਰ ਤਾਰ ਖਿਚਦੀ ਹੈ, ਫਿਰ ਉਸੇ ਤਾਰ ਨਾਲ ਜੋੜ ਕੇ ਦੂਜੇ ਪਾਸੇ ਦੀ ਪੈੜ ਵੀ ਬਣਾ ਲੈਂਦੀ ਹੈ, ਇਨਾਂ ਦੋਹਾਂ ਪੈੜਾਂ ਨੂੰ ਆਪਸ ਵਿਚ ਮੇਲਣ ਲਈ ਦੁਤਰਫੀਆਂ ਤਾਰਾਂ ਖਿਚਣ ਉਪਰੰਤ ਇਸੇ ਤਾਰ ਆਧਾਰ ਤੇ ਮਕੜੀ ਆਪਣੇ ਜਾਲੇ ਦਾ ਗੋਲਾ ਕਾਰ ਕੇਂਦਰ ਬਣਾਉਦੀ ਹੈ। ਤਾਂ ਕਿ ਉਸਤੇ ਖੜੀ ਹੋ ਕੇ ਬਾਕੀ ਜਾਲੇ ਦੀ ਬੁਣਾਈ ਕਰ ਸਕੇ। ਹਰ ਮਕੜੀ ਦੇ ਅਟੇਰਨੀਆਂ ਹੁੰਦੀਆਂ ਹਨ ਤੇ ਹਰ ਮਕੜੀ ਰੇਸ਼ਮ ਜਰੂਰ ਬੁਣਦੀ ਹੈ। ਪਰ ਉਹ ਰੇਸ਼ਮ ਸ਼ਿਕਾਰ ਫੜਨ ਤੋਂ ਸਿਵਾਏ ਬਹੁਤ ਸਾਰੇ ਹੋਰ ਵੀ ਕੰਮਾਂ ਲਈ ਵਰਤਿਆ ਜਾਂਦਾ ਹੈ। ਜਿਵੇਂ ਕਿ ਆਂਡਾ, ਥੈਲੀ, ਹਵਾਈ ਜਾਲਾ, ਆਲ੍ਹਣਿਆਂ ਦੀ ਵਿਛਾਈ, ਫੰਦਿਆਂ ਦੇ ਕਬਜ਼ੇ ਆਦਿ ਬਹੁਤ ਸਾਰੇ ਉਪਕਰਣ ਇਸ ਰੇਸ਼ਮ ਨਾਲ ਮਕੜੀ ਬਣਾਉਂਦੀ ਹੈ। ਥੋੜੀਆਂ ਕਿਸਮਾਂ ਹੀ ਰੇਸ਼ਮ ਨੂੰ ਸ਼ਿਕਾਰ ਫਸਾਊ ਫੰਦੇ ਦੇ ਰੂਪ ਵਿਚ ਵਰਤਦੀਆਂ ਹਨ।

ਵੱਖੋ ਵੱਖ ਕੰਮ ਲਈ ਬੁਣੇ ਗਏ ਰੇਸ਼ਮ ਲਈ, ਰੇਸ਼ਮ ਗੁੰਥੀ ਵੀ ਵੱਖੋ ਵੱਖ ਹੁਦੀ ਹੈ। ਅੰਡਾ-ਥੈਲੀ ਬਣਾਉਣ ਲਈ



Sri Satguru Jagjit Singh Ji Elibrary NamdhariElibrary@gmail.com

ਵਖਰੀ ਕਿਸਮ ਦੀ ਰੇਸ਼ਮ-ਗ੍ਰੰਥੀ ਸਿਰਫ ਮਾਦਾ ਵਿਚ ਹੀ ਹੁੰਦੀ ਹੈ। ਇਕੋ ਕਿਸਮ ਦੇ ਨਰ ਤੇ ਮਾਦਾ ਦੀਆਂ ਵੀ ਰੇਸ਼ਮ ਗ੍ਰੰਥੀਆਂ ਵੱਖੋ ਵੱਖ ਕਿਸਮਾ ਦੀਆਂ ਹੁੰਦੀਆਂ ਹਨ।

ਚਿਪਚਿਪਾ ਜਾਲਾ, ਸ਼ਿਕਾਰ ਫਸਾਊ ਫੰਦਾ (ਕੜਿੱਕੀ) ਜਾਂ ਜਾਲਾ ਬਣਾਉਣ ਵਾਲੀਆਂ ਮਕੜੀਆਂ ਹੀ ਸਿਰਫ ਬਣਾ ਸਕਦੀਆਂ ਹਨ। ਹਰੇਕ ਮਕੜੀ ਨਹੀਂ। ਰੇਸ਼ਮ ਦੀ ਬੁਣਤੀ ਦਾ ਮਕੜੀ ਦੇ ਰੋਜ਼ਾਨਾ ਜੀਵਨ ਨਾਲ ਘਨਿਸ਼ਟਤਮ ਸਬੰਧ ਹੋਣ ਕਰਕੇ, ਇਸ ਦੀਆਂ ਅਟੇਰਨੀਆਂ ਦਾ ਇਸ ਦੇ ਸਰੀਰ ਅਤਿਅੰਤ ਮਹੱਤਵ ਹੈ।

ਮਕੜੀਆਂ ਦੇ ਜਾਲੇ ਦੇ ਅਨੇਕ ਰੂਪਾਂਤਰ ਹਨ। ਚਾਦਰ ਜਾਲਾ, ਨਾਲੀ ਜਾਲਾ, ਗੋਲਾਂਕਾਰ ਜਾਲਾ, ਪੀਕਕਾਰ ਜਾਲਾ, ਜਾਲੀ ਅਕਾਰ ਜਾਲਾ ਆਦਿ। ਪੁਰਾਤਨ ਸਮੇਂ ਵਿਚ ਮਕੜੀ ਦੀਆਂ ਕਿਸਮਾਂ ਨੂੰ ਜਾਲਿਆਂ ਦੇ ਅਕਾਰ ਨੂੰ ਆਧਾਰ ਮੰਨਕੇ, ਵੰਡਿਆ ਜਾਂਦਾ ਸੀ। ਪਰ ਇਹ ਵੰਡ ਠੀਕ ਨਹੀਂ ਸੀ, ਕਿਉਂਕਿ ਇਕੋ ਤਰ੍ਹਾਂ ਦੀਆਂ ਮਕੜੀਆਂ ਬਿਲਕੁਲ ਵਖੋ ਵਖ ਕਿਸਮਾਂ ਦੇ ਜਾਲੇ ਬਣਾਉਂਦੀਆਂ ਹਨ ਅਤੇ ਬਿਲਕੁਲ ਵਖੋ ਵਖ ਕਿਸਮ ਦੀਆਂ ਇਕੋ ਤਰ੍ਹਾਂ ਦੇ। ਜਿਵੇਂ ਕਿ ਪੋਰਟੋ ਰੀਕੋ ਦੀ ਇਕੋ ਜਗ੍ਹਾ ਦੀ ਇਕੋ ਨਸਲ ਦੀਆਂ ਤਿੰਨ ਕਿਸਮਾਂ, ਬਿਲਕੁਲ ਵਖੋ ਵਖ ਤਰ੍ਹਾਂ ਦੇ ਜਾਲੇ ਬੁਣਦੀਆਂ ਹਨ।

ਆਰਮੀਓ ਪੀਡੀ ਕਿਸਮ ਦਾ ਜਾਲਾ ਗੋਲਾ-ਅਕਾਰ ਹੁੰਦਾਂ ਹੈ, ਇਸ ਮੰਡਲਾਕਾਰ ਜਾਲੇ ਵਿਚ ਆਮ ਤੌਰ ਤੇ ਤਿੰਨ ਚਾਰ ਬਾਹਰਲੀਆਂ ਆਧਾਰ ਤਾਰਾਂ ਹੁੰਦੀਆਂ ਹਨ, ਫਿਰ ਕਾਫੀ ਸਾਰੀਆਂ ਅੰਦਰਲੀਆਂ ਆਧਾਰ ਤਾਰਾਂ, ਇਸ ਤਰ੍ਹਾਂ ਚਿਪਚਿਪਾ ਜਾਲਾ ਬੁਣਨ ਤੋਂ ਪਹਿਲਾਂ, ਸਾਦਾ ਜਾਲਾ ਬੁਣਿਆ ਜਾਂਦਾ ਹੈ।

ਆਰਮੀ ਓਪੀਡੀ ਮਕੜੀ, ਗੋਲ ਜਾਲੇ ਵਿਚ X ਕਾਟੇ ਦੀ ਸ਼ਕਲ ਦੀਆਂ ਚੌੜੀਆਂ ਲੀਕਾਂ ਬੁਣਦੀ ਹੈ। ਕੁਝ ਗੋਲ ਜਾਲੇ ਵਿਚ ਹੀ ਗੋਟੇ ਦੀ ਚਕਰੀ ਬੁਣਦੀਆਂ ਹਨ। ਮਕੜੀ ਆਪਣੇ ਜਾਲੇ ਵਿਚ ਖੜੇ ਦਾ ਨੂੰ ਕੁਛ ਰੇਸ਼ਮੀ ਗੋਲੀਆਂ ਬੁਣਦੀ ਹੈ, ਅਤੇ ਅੰਡਾ ਥੈਲੀਆਂ ਵੀ ਉਨ੍ਹਾਂ ਗੋਲੀਆਂ ਵਿਚਲੀਆਂ ਵਿਥਾਂ ਵਿਚ ਹੀ ਲਟਕਾ ਦਿੰਦੀ ਹੈ, ਤਾਂ ਕਿ ਅੰਡੇ ਖਾਣ ਆਏ ਜੀਵ ਨੂੰ ਉਨ੍ਹਾਂ ਖਾਲੀ ਰੇਸ਼ਮੀ ਗੋਲੀਆਂ ਤੇ ਅੰਡਾ-ਥੈਲੀਆਂ ਦਾ ਫਰਕ ਨਾ ਲੱਭ ਸਕੇ ਅਤੇ ਅੰਡੇ ਬਚ ਸਕਣ। ਲੰਮੀਆਂ ਲੱਤਾਂ ਵਾਲੀ ਡਾਈਨੋਪਸ ਲਾਂਗੀਪਸ ਮਕੜੀ, ਆਪਣੇ ਖਾਸ ਕਿਸਮ ਦੇ ਜਾਲੇ ਨੂੰ ਆਇਤਾਕਾਰ ਰੂਪ ਵਿਚ ਬੁਣਕੇ, ਆਪਣੀਆਂ ਅਗਲੀਆਂ ਲੱਤਾਂ ਨਾਲ ਚਾਰੇ ਨੁਕਰਾਂ ਪਕੜ ਕੇ ਉਸ ਥੱਲੇ ਲਟਕਦੀ ਹੈ। ਜਦ ਵੀ ਕੋਈ ਜੀਵ ਉਸ ਜਾਲੇ ਉਪਰ ਡਿੱਗਦਾ ਹੈ ਤਾਂ ਮਕੜੀ ਆਪਣੀਆਂ ਚਾਰੇ ਲੱਤਾਂ ਨਾਲ ਉਸ ਜਾਲੇ ਨੂੰ ਚਕਰੀ ਵਾਂਗ ਅਤਿਅੰਤ ਤੇਜੀ ਨਾਲ ਘੁਮਾਉਂਦੀ ਹੈ। ਉਸ ਕੀੜੇ ਦੇ ਪੂਰੇ ਰੂਪ ਵਿਚ ਰੇਸ਼ਮੀ ਜਾਲੇ ਵਿਚ ਲਿਪਟਣ ਤਕ ਉਸ ਨੂੰ ਘੁਮਾਈ ਜਾਂਦੀ ਹੈ। ਮਕੜੀ ਆਪਣੇ ਹੋਰ ਕੰਮਾਂ ਤੋਂ ਸਿਵਾਏ ਰੇਸ਼ਮ ਦੀ ਵਰਤੋਂ ਤੰਬੂਆਂ ਲਈ ਵੀ ਕਰਦੀ ਹੈ। ਇਨ੍ਹਾਂ ਰੇਸ਼ਮੀ ਤੰਬੂਆਂ ਦੀ ਵਰਤੋਂ ਸਰਦੀ, ਮੀਂਹ ਆਦਿ ਕੁਦਰਤੀ ਆਫਤਾਂ ਤੋਂ ਬਚਣ ਲਈ ਹੁੰਦੀ ਹੈ। ਆਪਣੇ ਦੁਸ਼ਮਨ ਤੋਂ ਬਚਨ ਲਈ ਅਤੇ ਉਸ ਉਤੇ ਹਮਲਾ ਕਰਨ ਲਈ ਵੀ ਇਨ੍ਹਾਂ ਹੀ ਤੂੰਬਆਂ ਵਿਚ ਲੁਕਿਆ ਜਾਂਦਾ ਹੈ। ਕੁਛ ਮਾਦਾਂ ਵਲੋਂ ਪ੍ਰਸੂਤ ਦੇ ਦਿਨਾਂ ਵਿਚ ਆਪਣੇ ਅਤੇ ਬੱਚਿਆਂ ਦੇ ਰਹਿਣ ਲਈ, ਕਰੜੇ ਰੇਸ਼ਮ ਦਾ ਤੰਬੂ ਬਣਾਇਆ ਜਾਂਦਾ ਹੈ। ਬਚੇ ਵੱਡੇ ਹੋ ਕੇ ਹੀ ਇਸ ਤੰਬੂ ਚੋਂ ਬਾਹਰ ਨਿਕਲਦੇ ਹਨ। ਦਰੱਖਤ ਦੇ ਉਠੇ ਹੋਏ ਸੱਕ ਥਲੇ ਤੰਬੂ ਬਣਾਕੇ ਵੀ ਕਈ ਮਕੜੀਆਂ ਸਿਆਲ ਗੁਜ਼ਾਰਦੀਆਂ ਵੇਖੀਆਂ ਗਈਆਂ ਹਨ। ਘਰਾਂ ਦੀਆਂ ਨੁਕਰਾਂ ਵਿਚ ਤੇ ਬਾਰੀਆਂ ਬੂਹਿਆਂ ਦੇ ਤਾਕਾਂ ਚਿਟੇ ਰੰਗ ਦਾ (ਪਲਾਸਟਿਕ ਜਿਹੇ ਦਾ) ਰੁਪਈਏ ਕੁ ਚਿੱੜਾ, ਬਣਿਆ ਘਰ ਵੀ ਮਕੜੀ ਦਾ ਆਲ੍ਹਣਾ ਹੀ ਹੁੰਦਾ ਹੈ। ਇਸ ਵਿਚ ਆਂਡੇ ਤੇ ਬੱਚੇ ਰਹਿੰਦੇ ਹਨ।

ਮੰਡਲਕਾਰ ਜਾਲਾ ਪੂਰਾ ਕਰਨ ਉਪਰੰਤ ਮਕੜੀ ਆਪਣੇ ਰਹਿਣ ਲਈ ਇਸ ਜਾਲੇ ਤੋਂ ਲਾਂਭੇ ਇਕ ਪੱਤੇ ਨੂੰ ਆਪਣੀਆਂ ਰੇਸ਼ਮੀ ਤਾਰਾਂ ਨਾਲ ਗੋਲ ਕਰਕੇ ਉਸ ਵਿਚ ਫਿਰ ਰੇਸ਼ਮ ਦਾ ਗਲੀਚਾ ਵਿਛਾ ਆਪਣਾ ਘਰ ਬਣਾ ਲੈਂਦੀ ਹੈ। ਅਖੀਰ ਵਿਚ ਉਹ ਆਪਣੇ ਮੰਡਲਾ ਕਾਰ ਜਾਲੇ ਦੇ ਕੇਂਦਰ ਵਿਚੋਂ ਇਕ ਵਖਰੀ ਤਾਰ ਆਪਣੇ ਘਰ ਤੱਕ ਖਿਚੱਦੀ ਹੈ। ਇਹ ਤਾਰ ਦੂਰਭਾਸ਼ (ਟੈਲੀਫੋਨ) ਦਾ ਕੰਮ ਕਰਦੀ ਹੈ। ਜਿਸ ਨੂੰ ਮਕੜੀ ਆਪਣੀਆਂ ਜਾੜਾਂ ਵਿਚ ਫੜ ਕੇ ਰਖਦੀ ਹੈ। ਜਦ ਵੀ ਕੀੜਾ ਮਕੌੜਾ ਉਸ ਜਾਲੇ ਵਿਚ ਫਸਦਾ ਹੈ ਤਾਂ ਉਸ ਤਾਰ ਰਾਂਹੀ ਮਕੜੀ ਨੂੰ ਝੱਟ ਸੂਚਨਾ ਮਿਲ ਜਾਂਦੀ ਹੈ। ਜਾਲਾ ਚੰਬੜਦਾਰ ਹੋਣ ਕਰਕੇ ਉਸ





Sri Satguru Jagjit Singh Ji Elibrary NamdhariElibrary@gmail.com

ਨਾਲ ਲੱਗਾ ਕੀੜਾ, ਮਕੜੀ ਔਣ ਤਕ ਛੁੱਟ ਨਹੀਂ ਸਕਦਾ। ਜੇ ਕੀੜਾ ਭਿਅੰਕਰ ਨਾਂ ਹੋਵੇ ਤਾਂ ਉਸ ਨੂੰ ਉਸੇ ਵੇਲੇ ਖਾ ਲੈਂਦੀ ਹੈ। ਜਾਂ ਮੁਸ਼ਕਾਂ ਕਸਕੇ ਆਪਣੇ ਪੱਤੇ ਦੇ ਬਣਾਏ ਘਰ ਵਿਚ ਚੁੱਕ ਲੈ ਜਾਂਦੀ ਹੈ। ਜੇ ਸ਼ਿਕਾਰ ਵੱਡਾ ਹੋਵੇ ਤਾਂ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ। ਨਿਗਾਹ ਘੱਟ ਹੋਣ ਕਰਕੇ ਮਕੜੀ ਕਾਬੂ ਆਏ ਵੱਡੇ ਸ਼ਿਕਾਰ ਨੂੰ ਪਹਿਲੋਂ ਦੂਰੋਂ ਠਕੋਰ ਕੇ ਵੇਖਦੀ ਹੈ, ਜੇ ਉਹ ਖਤਰਨਾਕ ਲੱਗੇ ਤਾਂ ਉਸ ਨੂੰ ਆਪਣੇ ਜਾਲ ਤੋਂ ਮੁਕਤ ਕਰ ਦੇਂਦੀ ਹੈ। ਪਰ ਜੇ ਸ਼ਿਕਾਰ ਵਿੱਤ ਮੁਤਾਬਕ ਠੀਕ ਹੀ ਲਗੇ ਤਾਂ ਉਸ ਨਾਲ ਲਗਕੇ ਖਤਰਾ ਮੁਲ ਲੈਣ ਦੀ ਬਜਾਏ, ਅਟੇਰਨੀਆਂ ਨਾਲ ਇਕ ਇੰਚ ਦੂਰ ਤੋਂ ਹੀ ਆਪਣਾ ਜਾਲਾ ਉਸ ਉਪਰ ਸੁੱਟ ਦਿੰਦੀ ਹੈ। ਜਾਂ ਕਾਬੂ ਆਏ ਹੋਏ ਕੀੜੇ ਦੀਆਂ ਲਤਾਂ ਨੂੰ ਘੁੰਮਾ ਕੇ ਆਪਣੇ ਜਾਲੇ ਵਿਚ ਉਲਝਾ ਦੇਂਦੀ ਹੈ। ਜੇ ਉਹ ਅਭਾਗਾ ਕੀੜਾ ਆਪਣੇ ਛੁਟਕਾਰੇ ਲਈ ਅੰਧਾ ਧੁੰਦ ਪ੍ਰਯਤਨ ਕਰੇ ਤਾਂ ਥੋੜੀ ਜਿਹੀ ਜ਼ਹਿਰ ਛਿੜਕ ਕੇ ਉਸ ਨੂੰ ਠੰਢਾ ਕਰ ਦਿਤਾ ਜਾਂਦਾ ਹੈ। ਇਵੇਂ ਜਾਲੇ ਵਿਚ ਉਲਝਿਆ ਹੋਇਆ ਕੀੜਾ ਸਾਂਭ ਦਿਤਾ ਜਾਂਦਾ ਹੈ, ਤੇ ਲੋੜ ਅਨੁਸਾਰ ਉਸਦੀ ਵਰਤੋਂ ਕੀਤੀ ਜਾਂਦੀ ਹੈ।

ਮਕੜੀ ਆਪਣੀ ਖੁਰਾਕ ਦੀ ਵਰਤੋਂ ਸਿਰਫ ਤਰਲ ਰੂਪ ਵਿਚ ਹੀ ਕਰ ਸਕਦੀ ਹੈ, ਇਸ ਲਈ ਖਾਣ ਤੋਂ ਪਹਿਲੋਂ ਉਸ ਕੀੜੇ ਦੇ ਨਰਮ ਅੰਗਾਂ ਨੂੰ ਉਹ ਆਪਣੇ ਮੇਦੇ ਦੇ ਪਾਚਕ ਰਸਾਂ ਨਾਲ ਗਿੱਲਾ ਕਰਕੇ ਤਰਲ ਬਣਾ ਲੈਂਦੀ ਹੈ ਤਾਂ ਕਿ ਉਸ ਨੂੰ ਤਰਲ ਰੂਪ ਵਿਚ ਚੂਸ ਸੱਕੇ। ਆਪਣੀਆਂ ਜਾੜਾਂ ਸ਼ਿਕਾਰ ਵਿਚ ਖੁਭੋ ਉਸ ਨੂੰ ਚੂਪਦੀ ਹੈ ਅਤੇ ਲਗਾਤਾਰ ਹੀ ਮੇਦੇ ਪਾਚਕ ਰਸ ਭੇਜਦੀ ਰਹਿੰਦੀ ਹੈ। ਜਦੋਂ ਸਿਰਫ ਪਿੰਜਰ ਹੀ ਬਚਦਾ ਹੈ ਤਾਂ ਉਸ ਨੂੰ ਸੁੱਟ ਦਿੰਦੀ ਹੈ।

ਘਰਾਂ ਵਿਚ ਥਾਂ ਥਾਂ ਲਗਿਆ ਹੋਇਆ ਜਾਲਾ, ਕਈ ਵਾਰ ਗੋਲਾ ਕਾਰ ਸਮਰੂਪ ਨਹੀਂ ਹੁੰਦਾ। ਇਹ ਅਸਮਰੂਪ ਟੇਢੀਆਂ ਮੇਢੀਆਂ ਤਾਰਾਂ ਖਿੱਚ ਕੇ ਬਣਿਆ ਹੁੰਦਾ ਹੈ। ਜਦੋਂ ਵੀ ਕੋਈ ਕੀੜਾ, ਕਿਸੇ ਵੀ ਇਕ ਖਿੱਚੀ ਹੋਈ ਤਾਰ ਨੂੰ ਲੱਗ ਕੇ ਫੜਫੜਾਉਂਦਾ ਹੈ ਤਾਂ ਉਦੋਂ ਹੀ ਉਹ ਤਾਰ ਇਕੋ ਝਟਕੇ ਨਾਲ ਟੁਟਕੇ ਹਝੋਕੇ ਨਾਲ ਚੁੱਕ ਕੇ ਉਸ ਕੀੜੇ ਨੂੰ ਸੰਘਣੇ ਜਾਲੇ ਦੇ ਫੰਦੇ ਵਿਚ ਪੁਚਾ ਦਿੰਦੀ ਹੈ। ਤਾਂ ਕਿ ਉਥੇ ਮਕੜੀ ਉਸ ਨੂੰ ਬਿਨਾਂ ਖੇਚਲ ਆ ਸਕੇ। ਪਰ ਜੇ ਸ਼ਿਕਾਰ ਵਡਾ ਹੋਵੇ ਤਾਂ, ਟੈਲੀਫੋਨ ਤੇ ਸੂਚਨਾ ਮਿਲਦਿਆਂ ਹੀ, ਮਕੜੀ ਉਸ ਵਡੇ ਸ਼ਿਕਾਰ ਨੂੰ ਖਾਣ ਲਈ ਕਈ ਢੰਗ ਅਪਣਾਉਂਦੀ ਹੈ। ਜਿਵੇਂ ਕਿ ਨਵੀਆਂ ਤਾਰਾਂ ਉਣ ਕੇ ਉਸ ਸ਼ਿਕਾਰ ਤੇ ਸੁਟ ਸੁਟ ਕੇ ਉਹਨਾਂ ਵਿਚ ਉਸ ਨੂੰ ਲਪੇਟ ਕੇ, ਆਪਣੀਆਂ ਰੇਸ਼ਮੀ ਡਾਰਾਂ ਰਾਂਹੀ ਹੀ ਨੇੜੇ ਖਿਚ ਲੈਣਾ, ਆਦਿ। ਭਾਂਵੇਂ ਮਕੜੀ ਦਾ ਆਪਣਾ ਵਜੂਦ ਕਰੀਬ ਮੱਕੀ ਦੇ ਦਾਣੇ ਜਿਤਨਾਂ ਹੀ ਹੁੰਦਾ ਹੈ। ਪਰ ਕਦੀ ਕਦੀ ਉਸ ਨੂੰ ਆਪਣੀਆਂ ਰੇਸ਼ਮੀ ਤਾਰਾਂ ਨਾਲ ਛੋਟੇ ਸੱਪ ਤੇ ਛੋਟੀਆਂ ਚੂਹੀਆਂ ਆਦਿ ਤਕ ਵੱਡੇ ਜੀਵ ਵੀ ਥਲਿਉਂ ਉਪਰ ਚੁੱਕਦੇ ਵੇਖਿਆ ਗਿਆ ਹੈ। ਨੈਫੀਲਾ ਕਿਸਮ ਦੀ ਮਕੜੀ ਦਾ ਜਾਲਾ ਤਾਂ ਕਿਸੇ ਵੀ ਛੋਟੇ ਪੰਛੀ ਨੂੰ ਫਸਾਉਣ ਜੋਗਾ ਸ਼ਖਤ ਹੁੰਦਾ ਹੈ। ਮਕੜੀ ਦੀ ਇਸ ਬਹਾਦਰੀ ਤੋਂ ਸਿਵਾ, ਉਹ ਯੁਧ ਕਲਾ ਵਿਚ ਹੀ ਬਹੁਤ ਨਿਪੁੰਨ ਹੁੰਦੀ ਹੈ। ਆਪਣੇ ਆਪ ਨੂੰ ਫਲ ਦੀ ਡੋਡੀ ਜਾਂ ਕਿਸੇ ਬੀਜ ਵਰਗਾ ਬਣਾ ਲੈਣਾ ਵੀ ਉਸਦੇ ਲਈ ਕੋਈ ਔਖਾ ਕੰਮ ਨਹੀਂ। ਕੇਕੜਾ ਮਕੜੀ (ਇਕ ਕਿਸਮ) ਤਾਂ ਇਸ ਤੋਂ ਵੀ ਅਗੇ ਹੈ, ਉਹ ਚਿੱਟੇ ਫੁਲ ਵਿਚ ਚਿਟੀ, ਤੇ ਪੀਲੇ ਫੁਲ ਵਿਚ ਇਵੇਂ ਪੀਲੀ ਹੋ ਜਾਂਦੀ ਹੈ ਕਿ ਮਕੜੀ ਦਾ ਪਤਾ ਹੀ ਨਹੀਂ ਲਗਦਾ। ਕੁਝ ਕਿਸਮਾਂ, ਅਗਲੀਆ ਲਤਾਂ ਚੁਕ ਕੇ, ਸਿਰਫ ਪਿਛਲੀਆਂ ਲੱਤਾਂ ਤੇ ਨਾਚ ਵੀ ਕਰਦੀਆਂ ਹਨ।

ਭਾਂਵੇਂ ਮਕੜੀ ਦੀਆਂ ਸਾਰੀਆਂ ਨਸਲਾਂ ਆਮ ਹਵਾ ਵਿਚ ਸਾਹ ਲੈਂਦੀਆਂ ਤੇ ਰਹਿੰਦੀਆਂ ਹਣ ਪਰ ਇਕ "ਯੂਰੇਸ਼ੀਅਨ" ਨਸਲ ਪਾਣੀ ਵਿਚ ਰਹਿੰਦੀ ਹੈ। ਮਕੜੀ ਦੀਆਂ ਕਈ ਨਸਲਾਂ ਕੁਛ ਚਿਰ ਲਈ ਪਾਣੀ ਵਿਚ ਰਹਿ ਸਕਦੀਆਂ ਹਨ, ਪਰ ਇਸ ਪਨ-ਮਕੜੀ ਵਾਂਗ ਸਦਾ ਨਹੀਂ। ਬਹੁਤੀਆਂ ਨਸਲਾਂ ੧੦ ਕੁ ਮਿਨਟ ਤੇ ਕੋਈ ਕੋਈ ੨-੩ ਘੰਟੇ ਵੀ ਰਹਿ ਸਕਦੀਆਂ ਹਨ। ਪਨ-ਮਕੜੀ ਦਾ ਵਿਗਿਆਨਕ ਨਾਮ ਆਰਗਾਈ ਰੋਨੇਟਾ ਅੰਕੁਐਟਿਕਾ ਹੈ। ਧਰਤੀ ਉਪਰ ਤਾਂ ਇਹ ਗੂੜੇ ਖਾਕੀ ਰੰਗ ਦੀ ਹੁੰਦੀ ਹੈ, ਪਰ ਪਾਣੀ ਵਿਚ ਚੁੱਭੀ ਮਾਰਦਿਆਂ ਹੀ, ਚਾਂਦੀ ਵਾਂਗ ਚਮਕਣ ਲਗ ਪੈਂਦੀ ਹੈ ਗੋਤਾ ਖੋਰਾਂ ਵਾਂਗ, ਹਵਾ ਟੈਂਕੀ ਦੀ ਥਾਂ ਤੇ ਪਾਣੀ-ਹਵਾ ਦਾ ਬੁਲਬਲਾ ਲੈ ਕੇ ਗੋਤਾ ਮਾਰਨਾ, ਇਕ ਵਡਾ ਕਰਾਮਾਤੀ ਕੰਮ ਹੈ। ਬੰਸਤ ਰੁੱਤ ਵਿਚ ਪਾਣੀ ਦੀ ਸਤਹ ਤੋਂ ਥੋੜਾ ਥੱਲੇ ਰਹਿਕੇ, ਪਾਣੀ ਦੇ ਪੌਦਿਆ ਤੇ



Sri Satguru Jagjit Singh Ji Elibrary NamdhariElibrary@gmail.com

ਅਧਾਰਤ ਇਕ ਤਰਪਾਲ ਨੁਮਾ ਕਪੜਾ ਬੁਣਦੀ ਹੈ। ਇਸ ਕਪੜੇ ਚੋਂ ਪਾਣੀ ਤੇ ਹਵਾ ਨਹੀਂ ਲੰਘ ਸਕਦੇ। ਇਕ ਹੋਰ ਛੋਟੀ ਤਰਪਾਲ ਨੂੰ ਨਾਲ ਲੈ ਕੇ ਪਨ-ਮਕੜੀ ਪਾਣੀ ਤੋਂ ਉਪਰ ਆਉਂਦੀ ਹੈ, ਅਤੇ ਕਿਸੇ ਵੱਡੇ ਹਵਾ ਦੇ ਬੁਲਬੁਲੇ ਨੂੰ ਪਾਣੀ ਵਿਚ ਬਣਾਈ ਵੱਡੀ ਤਰਪਾਲ ਟੈਂਕੀ ਵਿਚ ਸਾਂਭ ਦਿੰਦੀ ਹੈ। ਇਵੇਂ ਕਈ ਵਾਰ ਕਰਕੇ ਇਹ ਆਣ ਵਾਲੀ ਪਤਝੜ ਤਕ ਪਾਣੀ ਹੇਠ ਰਹਿਣ ਲਈ, ਆਪਣੇ ਪਾਸ, ਉਸ ਤਰਪਾਲ ਟੈਂਕੀ ਵਿਚ ਲੋੜੀਂਦੀ ਹਵਾ ਜਮਾਂ ਕਰ ਲੈਂਦੀ ਹੈ ਜਿਵੇਂ ਜਿਵੇਂ ਜਿਆਦਾ ਹਵਾ ਇਸ ਤਰਪਾਲ ਟੈਂਕੀ ਹੇਠ ਭਰੀ ਜਾਂਦੀ ਹੈ, ਤਿਵੇਂ ਤਿਵੇਂ ਇਹ ਟੱਲੀ ਦੀ ਸ਼ਕਲ ਲੈ ਲੈਂਦੀ ਹੈ। ਠੰਢ ਉਤਰਦੀ ਤੋਂ ਪਨ-ਮਕੜੀ ਡੂੰਘੇ ਪਾਣੀ ਵਿਚ ਸਰਦੀ ਕਟਨ ਲਈ ਨਵਾਂ ਤਰਪਾਲ ਹਵਾ ਘਰ ਜਾ ਬਣਾਉਂਦੀ ਹੈ, ਅਤੇ ਕਈ ਵਾਰ ਤਾਂ ਥਲੇ ਪਏ ਖਾਲੀ ਘੋਗਿਆਂ ਨੂੰ ਵੀ ਵਰਤ ਲੈਂਦੀ ਹੈ। ਸਰਦੀ ਵਿਚ ਪਾਣੀ ਥੱਲੇ ਖਾਸ ਕੰਮ ਨਾ ਕਰਨ ਕਰਕੇ, ਮਕੜੀ ਦੀ ਤਾਕਤ ਘੱਟ ਲਗਦੀ ਹੈ। ਸਾਹ ਘੱਟ ਚੜ੍ਹਨ ਕਰਕੇ ਇਕ ਵਾਰੀ ਭਰੀ ਹਵਾ ਟੈਂਕੀ ੪-੫ ਮਹੀਨੇ ਕੱਢ ਜਾਂਦੀ ਹੈ। ਪਾਣੀ ਅੰਦਰਲੇ ਪੌਦਿਆਂ ਦੀਆਂ ਸ਼ਾਖਾਵਾਂ ਨਾਲ ਇਹ ਰੇਸ਼ਮੀ ਤਰਪਾਲ ਬੱਝੀ ਹੁੰਦੀ ਹੈ। ਮਕੜੀ ਪੌਦਿਆਂ ਦੇ ਚੌਗਿਰਦ ਜਿਧਰ ਵੀ ਜਾਂਦੀ ਹੈ, ਉਧਰ ਹੀ ਰੇਸ਼ਮੀ ਤਾਰ ਛੱਡਦੀ ਜਾਂਦੀ ਹੈ। ਇਹ ਤਾਰ ਉਸਦੀ ਤਰਪਾਲ ਟੈਂਕੀ ਲਈ ਖਿੱਚਾਂ ਦਾ ਕੰਮ ਤਾਂ ਕਰਦੀ ਹੀ ਹੈ, ਪਰ ਨਾਲ ਦੀ ਨਾਲ ਇਹ ਤਾਰ ਮਕੜੀ ਨੂੰ ਵਾਪਸੀ ਸਮੇਂ ਆਪਣੇ ਘਰ ਦਾ ਰਸਤਾ ਲੱਭਣ ਵਿਚ ਵੀ ਸਹਾਈ ਹੁੰਦੀ ਹੈ।

ਜੇ ਕੋਈ ਜੀਵ ਇਸ ਤਾਰ ਨਾਲ ਆ ਟਕਰਾਵੇ ਤਾਂ ਮਕੜੀ ਨੂੰ ਫੌਰਨ, ਸ਼ਿਕਾਰ ਨੇੜੇ ਹੋਣ ਦੀ ਸੂਚਨਾ ਵੀ ਮਿਲ ਜਾਂਦੀ ਹੈ।

ਇਹ ਪਨ-ਮਕੜੀ ਰਾਤ ਨੂੰ ਸ਼ਿਕਾਰ ਦੀ ਭਾਲ ਵਿਚ ਘਰੋਂ ਨਿਕਲਦੀ ਹੈ ਅਤੇ ਦਿਨੇ ਆਪਣੇ ਹਵਾ ਵਾਲੇ ਤਰਪਾਲ-ਘਰ ਵਿਚ ਹੀ ਰਹਿੰਦੀ ਹੈ। ਜੇ ਕੋਈ ਛੋਟਾ ਜੀਵ ਜਾਂ ਲਾਰਵਾ, ਇਸ ਪਾਸੋਂ ਲੰਘਣ ਲੱਗੇ ਤਾਂ ਦਿਨੇ ਵੀ, ਇਹ ਆਪਣਾ ਘਰ ਛੱਡ ਉਸ ਤੇ ਜਾ ਝਪਟਦੀ ਹੈ। ਪਾਣੀ ਦੀ ਸਤਹ ਤੇ ਡਿੱਗੇ ਜਾਂ ਫਿਰਦੇ ਕਿਸੇ ਜੀਵ ਦੀ ਹਲਚਲ ਦਾ ਵੀ ਇਸ ਨੂੰ ਝੱਟ ਪਤਾ ਲਗ ਜਾਂਦਾ ਹੈ। ਉਸ ਜੀਵ ਨੂੰ ਫੜ ਕੇ ਆਪਣੇ ਹਵਾ ਘਰ ਵਿਚ ਲਿਆ ਕੇ ਖਾਂਦੀ ਹੈ। ਕੋਈ ਵੀ ਜੀਵ ਘਰੋਂ ਬਾਹਰ ਨਹੀਂ ਖਾਂਦੀ।

ਪਨ-ਮਕੜੀ ਦਾ ਨਰ ਮਾਦਾ ਨਾਲੋਂ ਵੱਡਾ ਹੁੰਦਾ ਹੈ, ਜੋ ਕਿ ਬਾਕੀ ਸਾਰੀਆਂ ਨਸਲਾਂ ਨਾਲੋਂ ਉਲਟ ਗੱਲ ਹੈ। ਮੇਟਿੰਗ ਰੁੱਤ ਵਿਚ ਨਰ-ਮਕੜੀ ਵੀ ਮਾਦਾ ਦੇ ਨਜ਼ਦੀਕ, ਉਸੇ ਤਰ੍ਹਾਂ ਦੀ ਆਪਣੀ ਰੇਸ਼ਮੀ ਤਰਪਾਲ ਉਨ ਲੈਂਦੀ ਹੈ। ਫਿਰ ਦੋਹਾਂ ਘਰ-ਤਰਪਾਲਾਂ ਨੂੰ ਜੋੜਣ ਲਈ, ਨਰ ਮਕੜੀ ਇਕ ਸੁਰੰਗ ਇਸੇ ਤਰਪਾਲ ਦੀ ਬਣਾਉਂਦੀ ਹੈ। ਇਸੇ ਤਰਪਾਲ-ਘਰ ਵਿਚ ਮਿਲਣ ਪਿਛੋਂ, ਮਕੜੀ ਬੱਚੇ ਦਿੰਦੀ ਹੈ। ਬੱਚੇ ਜਿਤਨਾਂ ਚਿਰ ਆਪਣੀ ਤਰਪਾਲ ਬੁਣਨ ਤੇ ਤੁਰਨ ਜੋਗੇ ਨਾ ਹੋ ਜਾਣ, ਉਤਨਾਂ ਚਿਰ ਉਹ ਇਸੇ ਤਰਪਾਲ ਘਰ ਵਿਚ ਹੀ ਰਹਿੰਦੇ ਹਨ।

## "ਪੰਛੀ ਖਾਣੀ ਮਕੜੀ"

ਧਰਤੀ ਉਪਰ ਇਸ ਵਕਤ ਮਕੜੀ ਦੀਆਂ ਜਿਉਂਦੀਆਂ ਵੱਡੀਆਂ ਕਿਸਮਾਂ ਵਿਚੋਂ ਇਕ ਕਿਸਮ ਪੰਛੀ ਖਾਣੀ ਮਕੜੀ ਦੀ ਹੈ। ਇਹ ਭਾਂਵੇ ਜਾਲ ਨਹੀਂ ਬੁਣਦੀ, ਪਰ ਇਸ ਦਾ ਆਕਾਰ ਹੀ ਇਤਨਾ ਭਿਆਨਕ ਤੇ ਜ਼ਬਰਦਸਤ ਹੈ ਕਿ ਇਸ ਤੋਂ ਕਿਸੇ ਵੀ ਛੋਟੇ ਜੀਵ ਜਾਂ ਪੰਛੀ ਦਾ ਬਚ ਨਿਕਲਣਾ ਮੁਸ਼ਕਿਲ ਹੈ। ਸਾਢੇ ਤਿੰਨ ਇੰਚ ਦੇ ਸਰੀਰ ਤੇ ੧੦ ਇੰਚ ਦੇ ਕੁਲ ਲੱਤਾਂ ਸਮੇਤ ਅਕਾਰ ਵਾਲੀ ਇਹ ਮਕੜੀ, ਕਿਸੇ ਵੀ ਛੋਟੇ ਪੰਛੀ ਨੂੰ ਉਸਦੇ ਆਪਣੇ ਘਰ ਵਿਚ ਹੀ ਜਾ ਦਬੋਚਦੀ ਹੈ। ਇਸ ਦੇ ਸਾਰੇ ਸਰੀਰ ਅਤੇ ਲੱਤਾਂ ਉਤੇ ਚੁਭਵੇਂ ਵੱਡੇ ਖਾਕੀ ਵਾਲ, ਇਸ ਦੀ ਸ਼ਕਲ ਨੂੰ ਬਹੁਤ ਭਿਆਨਕ ਬਣਾ ਦਿੰਦੇ ਹਨ, ਇਹ ਵਾਲ ਮਨੁੱਖਾ ਚਮੜੀ ਨੂੰ ਵੀ ਦੁਖਦਾਈ ਸਪਰਸ਼ ਦਾ ਸਵਾਦ ਦੇਂਦੇ ਹਨ, ਪਰ ਇਸ ਮਕੜੀ ਜਾਤੀ ਵਿਚ ਵੀ ਜ਼ਹਿਰ ਦਾ ਨਾਮ ਮਾਤਰ ਹੀ ਹੈ। ਇਸ ਦੇ ਨਰ ਨੂੰ ਮਾਦਾ ਪਾਸ ਪਹੁੰਚਦਿਆਂ ਆਪਣੀ ਮੌਤ ਵਿਖਾਈ ਦਿੰਦੀ ਹੈ। ਉਹ ਦੂਰੋਂ ਆਪਣੀਆਂ ਲੱਤਾਂ ਨਾਲ ਮਾਦਾ ਦੇ ਜ਼ਹਰੀਲੇ ਦੰਦ ਫੜ ਲੈਂਦਾ ਹੈ, ਅਲਪ ਸਮਿਅਕ ਭੋਗ ਕਰ, ਦੂਰ ਹੋ ਕੇ ਹੀ ਉਸ ਦੇ ਦੰਦਾਂ ਨੂੰ ਛੜਦਾ ਹੈ। ਜਵਾਨ ਹੋਈ ਪੰਛੀ ਖਾਣੀ ਮਕੜੀ ਤੀਹ ਵਰਸ ਤਕ ਵੀ ਜੀ ਸਕਦੀ ਹੈ। ਕਿਉਂਕਿ ਇਸ ਦੇ ਦੁਸ਼ਮਣ ਘੱਟ ਹੀ ਹਨ, ਅਤੇ ਬਹੁਤੇ



Sri Satguru Jagjit Singh Ji Elibrary NamdhariElibrary@gmail.com

ਜੀਵ ਤਾਂ ਇਸਦੇ ਵਾਲਾਂ ਤੋਂ ਚਾਲੂ ਹੁੰਦੇ ਹਨ, ਬਾਕੀਆਂ ਨੂੰ ਇਹ ਆਪਣੇ ਪੇਟ ਤੋਂ ਆਪਣੀਆਂ ਪਿਛਲੀਆਂ ਲੱਤਾਂ ਨਾਲ ਵਾਲ ਕੁਰੇਦ ਕੇ ਧੂੰਏ ਵਾਂਗ ਇਵੇਂ ਉਡਾਉਂਦੀ ਹੈ ਕਿ ਖਾਣ ਆਇਆ ਜੀਵ ਅੰਨਾ ਹੋ ਵਾਪਸ ਪਰਤ ਜਾਂਦਾ ਹੈ। ਇਹ ਮਕੜੀ ਸਿਰਫ ਦਖਣੀ ਅਮਰੀਕਾ ਵਿਚ ਹੀ ਮਿਲਦੀ ਹੈ। ਅਤੇ ਇਸ ਦੇ ਬੱਚੇ ੦-੦੨% ਹੀ ਬਚਕੇ ਜਵਾਨ ਹੁੰਦੇ ਹਨ।

ਬਘਿਆੜ ਮਕੜੀ ਸੁਕੇ ਪੱਤਿਆਂ 'ਚ ਜ਼ਿਆਦਾ ਰਹਿਣ ਵਾਲੀ ਹੈ। ਇਹ ਮਕੜੀ ਘਰਾਂ ਦੀਆਂ ਕੰਧਾਂ ਤੇ ਫਿਰਦੀ ਵੇਖੀਦੀ ਹੈ। ਇਹ ਮਕੜੀ ਗਾੜੇ ਖਾਕੀ ਰੰਗ ਦੀ ਹੁੰਦੀ ਹੈ। ਇਹ ਉਪਰੋਂ ਛੋਟੇ ਵਾਲਾਂ ਨਾਲ ਕੱਜੀ ਹੁੰਦੀ ਹੈ। ਮੱਥੇ ਤੇ ਤਿੰਨ ਕਤਾਰਾਂ ਆਦਿ ਅੱਖਾਂ ਦੀਆਂ ਹੁੰਦੀਆਂ ਹਨ। ਇਹ ਆਮ ਤੌਰ ਤੇ ਬਦਲਾਂ ਵਾਲੇ ਦਿਨ ਜਾਂ ਰਾਤ ਨੂੰ ਜ਼ਿਆਦਾ ਸ਼ਿਕਾਰ ਆਦਿ ਕਰਨ ਨਿਕਲਦੀਆਂ ਹਨ, ਪਰ ਦਿਨੇ ਸਦਾ ਹੀ ਪੋਲੀ ਮਿੱਟੀ ਵਿਚ ਬਣੀਆਂ ਖੁੱਡਾਂ ਵਿਚ ਹੀ ਰਹਿੰਦੀਆਂ ਹਨ। ਰੇਸ਼ਮੀ ਜ਼ਾਲਾ ਫੰਦੇ ਦੇ ਰੂਪ ਵਿਚ ਨਾ ਵਰਤ ਕੇ ਘਾਤ ਲਾਉਣ ਲਈ ਲੁਕਣ ਵਾਸਤੇ ਵਰਤਦੀ ਹੈ।

ਮਕੜੀ ਅੰਡਾ-ਥੈਲੀ ਨੂੰ ਆਪਣੇ ਪੇਟ ਦੇ ਪਿਛਲੇ ਹਿਸੇ ਨਾਲ ਲਾਈ ਰਖਦੀ ਹੈ। ਅਲੱਗ ਹੋਣ ਤੇ ਦੁਬਾਰਾ ਨਾਲ ਚਿਪਕਾ ਲੈਂਦੀ ਹੈ। ਅਨੁਕੂਲ ਮੌਸਮ ਵਿਚ, ਬੱਚੇ ਅੰਡਿਆਂ ਚੋਂ ਨਿਕਲਕੇ ਆਪਣੀ ਮਾਂ ਦੇ ਕੰਧਾੜੇ ਚੜ੍ਹ ਜਾਂਦੇ ਹਨ। ਕਈ ਨਸਲਾਂ ਵਿਚ ਤਾਂ ਬੱਚੇ ਅਤਿ ਛੋਟੇ ਤੇ ਬਹੁਤੇ ਹੋਣ ਕਾਰਨ, ਮਾਂ ਦੇ ਲੱਕ ਉਪਰ ਹੇਠ ਉਤੇ ਕਈਆਂ ਤੈਹਾਂ ਵਿਚ ਵੀ ਚੜ੍ਹੇ ਹੁੰਦੇ ਹਨ। ਇਨਾਂ ਚੋਂ ਕਿਸੇ ਡਿਗੇ ਬੱਚੇ ਨੂੰ ਮਾਂ ਦੁਬਾਰਾ ਨਹੀਂ ਚੜਾਉਂਦੀ। ਲੱਕ ਤੇ ਚੜ੍ਹੇ ਬੱਚੇ ਬਹੁ ਗਿਣਤੀ ਹੋਣ ਕਾਰਨ, ਸਿਰ ਤੇ ਵੀ ਚੜ੍ਹ ਜਾਂਦੇ ਸਨ, ਜਿਥੇ ਕਿ ਅੱਖਾਂ ਅਗੇ ਆਉਣ ਦਾ ਡਰ ਹੁੰਦਾ ਹੈ। ਪਰ ਆਮ ਤੌਰ ਇਸ ਤਰਾਂ ਨਹੀਂ ਹੁੰਦਾ। ਜੇ ਕਿਤੇ ਪਿਛੋਂ ਭੀੜ ਦਾ ਧੱਕਾ ਵਜਿਆ। ਕੋਈ ਬੱਚਾ ਅੱਖਾਂ ਅੱਗੇ ਆ ਹੀ ਜਾਵੇ, ਤਾਂ ਮਕੜੀ ਉਸ ਨੂੰ ਸਰਕਾ ਕੇ ਪਿਛੇ ਕਰ ਦੇਂਦੀ ਹੈ। ਆਪਣੀਆਂ ਅੱਖਾਂ ਅੱਗੇ ਕੋਈ ਵੀ ਰੁਕਾਵਟ ਨਹੀਂ ਆਉਣ ਦਿੰਦੀ। ਕਿਉਂਕਿ ਜਾਲਾ ਬੁਣਨ ਵਾਲੀ ਮਕੜੀ ਨਾਲੋਂ ਇਸ ਨੂੰ ਤੇਜ ਨਿਗਾਹ ਦੀ ਲੋੜ ਵੱਧ ਹੈ। ਬਾਰਸ਼ ਵਿਚ ਅੰਡਾ-ਥੈਲੀ ਸੁਕਿਆ ਰਖਣ ਦੀ ਪੂਰੀ ਕੋਸ਼ਿਸ਼ ਹੁੰਦੀ ਹੈ, ਪਰ ਜੇ ਕਿਤੇ ਭਿੱਜ ਵੀ ਜਾਵੇ ਤਾਂ ਮਕੜੀ ਆਪ ਉਲਟੀ ਹੋ ਕੇ ਪੇਟ ਨਾਲ ਲੱਗੀ ਅੰਡਾ-ਥੈਲੀ ਨੂੰ ਸੂਰਜ ਵਲ ਕਰਕੇ ਸਕਾਉਂਦੀ ਹੈ।

ਆਮ ਨਰ ਮਕੜੀਆਂ ਲਈ ਭੋਗ ਕਰਨਾਂ ਇਕ ਜੋਖਮ ਭਰਿਆ ਤੇ ਗੁੰਝਲਦਾਰ ਕੰਮ ਹੁੰਦਾ ਹੈ। ਕਈ ਸੁਚੱਜੀਆਂ ਨਰ ਮਕੜੀਆਂ ਆਪਣੀ ਮਨ ਪਸੰਦ ਮਾਦਾ ਮਕੜੀਆਂ ਲਈ, ਬਹੁਤ ਸੁੰਦਰ ਰੇਸ਼ਮੀ ਜਾਲੇ ਦੇ ਕਪੜੇ ਤਿਆਰ ਕਰਦੀਆਂ ਹਨ। ਉਹ ਸਿਆਣੀ ਨਰ-ਮਕੜੀ ਪਤਲੇ ਜ਼ਾਲੇ ਨਾਲ ਆਪਣੀ ਮਾਦਾ ਨੂੰ ਬੰਨ ਲੈਂਦੀ ਹੈ, ਭੋਗ ਕਰਨ ਵੇਲੇ ਮਾਦਾ ਮਕੜੀ ਤੋਂ ਜਾਨ ਬਚਾਉਣ ਲਈ ਤੇ ਮਾਦਾ ਦੀ ਭੁੱਖ ਮਿਟਾਉਣ ਲਈ, ਕਈ ਨਸਲਾਂ ਆਪਣੀ ਮਾਦਾ ਨੂੰ ਪਹਿਲੋਂ ਹੀ ਰੇਸ਼ਮੀ ਜਾਲੇ ਵਿਚ ਉਤਮ ਢੰਗ ਨਾਲ ਲਪੇਟ ਕੇ, ਇਕ ਕੀੜਾ ਪੇਸ਼ ਕਰ ਦਿੰਦੀਆਂ ਹਨ। ਇਹ ਕੀੜਾ ਖਾਣ ਉਪਰੰਤ ਨਰ ਖਾਣ ਦੀ ਭੁਖ ਮਾਦਾ ਮਕੜੀ ਨੂੰ ਘੱਟ ਜਾਂਦੀ ਹੈ। ਜਦੋਂ ਨਰ ਮਕੜੀ ਨੂੰ ਭੋਗ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਉਹ ਭੀੜੀ ਘੁਰੀ ਦਾ ਇਕ ਛੋਟਾ ਜਿਹਾ ਜਾਲਾ ਬੁਣਦੀ ਹੈ। ਇਸ ਉਤੇ ਉਹ ਆਪਣਾ ਵੀਰਜ ਛੱਡ ਦਿੰਦੀ ਹੈ। ਜਿਸ ਨੂੰ ਮਾਦਾ ਮਕੜੀ ਆਪਣੇ ਸਿਰ ਉਦਾਲੇ ਬਣੀਆਂ ਲੱਤਾਂ ਵਰਗੀਆਂ ਨਾਲੀਆਂ ਰਾਹੀਂ ਚੂਸ ਲੈਂਦੀ ਹੈ। ਜਿਸ ਨੂੰ ਕਿ ਪੇਡੀਪਾਲਪ ਜਾਂ ਪਾਲਪ ਜਾਂ ਸਿਰਫ ਕਹਿੰਦੇ ਹਨ। ਬਹੁਤ ਸਾਰੀਆਂ ਨਰ-ਮਕੜੀਆਂ ਇਤਨੀਆਂ ਛੋਟੀਆਂ ਹੁੰਦੀਆਂ ਹਨ ਕਿ ਉਹ ਮਾਦਾ ਨੂੰ ਪਤਾ ਲੱਗੇ ਬਿਨਾਂ ਹੀ ਉਸ ਉਪਰ ਚੜ੍ਹ ਜਾਂਦੀਆਂ ਹਨ। ਕੁਛ ਨਸਲਾਂ ਵਿਚ ਤਾਂ ਨਰ ਮਕੜੀ ਮਾਦਾ ਨਾਲੋਂ ਕਈ ਹਜ਼ਾਰ ਗੁਣਾ ਛੋਟੀ ਹੁੰਦੀ ਹੈ। ਇਤਨੀ ਛੋਟੀ ਕਿ ਜੋ ਖੁਰਦਬੀਨ ਨਾਲ ਵੀ ਮਸਾਂ ਹੀ ਦਿਸੇ।

ਮਕੜੀ ਅੰਡਜ ਕਿਸਮ ਦਾ ਜੀਵ ਹੈ, ਜੋ ਕਿ ਅੰਡੇ ਤੋ ਪੈਦਾ ਹੁੰਦਾ ਹੈ, ਆਂਡਿਆਂ ਦੀ ਗਿਣਤੀ ਦਾ ਨਸਲ ਭੋਂ ਨਸਲ ਵਿਚ ਫਰਕ ਹੁੰਦਾ ਹੈ, ਕੁਛ ਮਕੜੀਆਂ ਇਕ ਵਕਤ ਇਕ ਜਾਂ ਦੋ ਹੀ ਅੰਡੇ ਦਿੰਦੀਆਂ ਹਨ ਅਤੇ ਕੁਛ ੩੦੦੦ ਤਕ ਵੀ ਇਕੋ ਵਕਤ ਦਿੰਦੀਆਂ ਹਨ। ਅੰਡਿਆਂ ਵਾਲੀਆਂ ਥੈਲੀਆਂ ਨੂੰ ਮਿੱਟੀ ਜਾਂ ਪੱਤਿਆਂ ਨਾਲ ਮਿਲਾ ਦਿਤਾ ਜਾਂਦਾ ਹੈ, ਜਾਂ ਫਿਰ ਛੋਟੀਆਂ ਟੋਕਰੀਆਂ ਬੁਣ ਕੇ ਉਨਾਂ ਵਿਚ ਅੰਡੇ ਪਾ ਕੇ ਵੱਖ-ਵੱਖ ਰੱਖ ਦਿਤੇ ਜਾਂਦੇ ਹਨ ਤਾਂ ਕਿ ਸਾਰੇ ਅੰਡੇ ਇੱਕਠੇ ਹੀ ਖਰਾਬ ਨਾ ਹੋ ਜਾਣ। ਉਪਰੋਕਤ ਦੋਹਾਂ ਢਗਾਂ



Sri Satguru Jagjit Singh Ji Elibrary NamdhariElibrary@gmail.com

ਤੋਂ ਬਿਨਾਂ ਆਂਡਿਆਂ ਨੂੰ ਸਾਂਭਣ ਦਾ ਤੀਜਾ ਢੰਗ ਹੈ, ਆਂਡਿਆਂ ਨੂੰ ਮੂੰਹ ਵਿਚ ਪਾਈ ਫਿਰਨਾਂ ਜਾਂ ਪੇਟ ਨਾਲ ਲਾਈ ਫਿਰਨਾ, ਰੇਸ਼ਮੀ ਅੰਡਾ-ਘਰ (ਕੁਕੂਨ) ਚੌੜੇ ਗੋਲ ਅੰਡੇ ਵਾਂਗ ਲਬੂਤਰੇ ਛੇ ਨੁਕਰੇ, ਸਮਤਲ, ਕੂਜੇ ਅਤੇ ਕਈ ਖਰਵੇ ਵੀ, ਯਾਨੀ ਅਨੇਕ ਤਰ੍ਹਾਂ ਦੇ ਹੁੰਦੇ ਹਨ। ਲੈਟਰੋਡੈਕਟਸ ਜਿਉਮੈਂਟ੍ਰੀਕਸ ਦੇ ਅੰਡਾ ਘਰ ਨੁਕੀਲੇ ਤੇ ਛੋਟੇ ਛੋਟੇ ਦਾਣਿਆਂ ਵਾਲੇ ਖਰਵੇ ਹੁੰਦੇ ਹਨ। ਚਿੱਟੇ, ਪੀਲੇ, ਗੁਲਾਬੀ, ਆਦਿ ਇਕ ਰੰਗੇ ਅੰਡਾ-ਘਰ ਵੀ ਹੁੰਦੇ ਹਨ। ਆਮ ਰੇਸ਼ਮੀ ਅੰਡਾ-ਘਰ ਅੰਦਰੂਨੀ ਅਤੇ ਬਾਹਰਲੀ ਦੋ ਵਖ ਵਖ ਤੈਹਾਂ ਦੇ ਬਣਦੇ ਹਨ। ਅੰਦਰਲਾ ਖੋਲ ਲੰਬੂਤਰਾ ਹੁੰਦਾ ਹੈ ਅਤੇ ਇਸਦਾ ਮੂੰਹ ਬਾਹਰਲੇ ਖੋਲ ਵਿਚੋਂ ਦੀ ਬਾਹਰ ਨਿਕਲਿਆ ਹੁੰਦਾ ਹੈ। ਕਈ ਮਕੜੀਆਂ ਆਪਣੇ ਅੰਡਾ-ਘਰਾਂ ਨੂੰ ਰੁੱਖ ਦੇ ਉਖੜੇ ਹੋਏ ਸੱਕ ਥਲੇ ਰਖ ਦਿੰਦੀਆਂ ਹਨ। ਬਸੰਤ ਦੇ ਦਿਨਾਂ ਵਿਚ ਮਕੜੀ ਦੇ ਬੱਚੇ, ਮੀਂਹ ਆਦਿ ਕੁਦਰਤੀ ਆਫਤਾਂ ਤੋਂ ਸੁਰਖਿਅਤ ਘੇਰਨਿਆਂ ਚੋਂ ਨਿਕਲ, ਆਪਣਾ ਖਤਰਨਾਕ ਜੀਵਨ ਸ਼ੁਰੂ ਕਰਦੇ ਹਨ। ਬਹੁਤ ਨਸਲਾਂ ਦੇ ਬੱਚੇ ਜਦੋਂ ਕਿ ਉਹ ਅਜੇ ਪਿੰਨ ਦੀ ਟੋਪੀ ਨਾਲੋਂ ਵੀ ਛੋਟੇ ਹੁੰਦੇ ਹਨ, ਆਪਣੀ ਵਖਰੀ ਜਿੰਦਗੀ ਇਕੋ ਤਰ੍ਹਾਂ ਹੀ ਸ਼ੁਰੂ ਕਰਦੇ ਹਨ। ਕਿਸੇ ਘਾਹ ਪੱਤੀ ਜਾਂ ਤੀਲੇ ਤੇ ਚੜ੍ਹਨਾ ਤੇ ਜਾਲੇ ਦੀ ਤਾਰ ਨਾਲ ਲਟਕ ਕੇ ਥੱਲ ਆਉਂਣਾ, ਇਸ ਕਰਮ ਨੂੰ ਅਨੇਕਾਂ ਵਾਰ ਕਰਦੇ ਹਨ। ਅਤੇ ਤਦ ਤੱਕ ਨਹੀਂ ਹਟਦੇ ਜਦ ਤਕ ਕਿ ਹਵਾ ਦਾ ਝੌਕਾ ਉਨ੍ਹਾਂ ਨੂੰ ਕਿਸੇ ਜਗਾ ਤੇ ਲਿਜਾ ਆਪਣਾ ਘਰ ਬਣਾਉਣ ਲਈ ਟਹੀਂ ਸੁੱਟ ਦੇਂਦਾ। ਆਮ ਬੱਚੇ ਤਾਂ ਹਵਾ ਦੇ ਝੋਕੇ ਨਾਲ ਸਿਰਫ ੨੦੦ ਫੁਟ ਦੀ ਉਚਾਈ ਤਕ ਹੀ ਉਡਦੇ ਰਹਿੰਦੇ ਹਨ। ਪਰ ਕੋਈ ੧੪੦੦੦ ਫੁਟ ਦੀ ਉਚਾਈ ਤਕ ਵੀ ਉਡਦਾ ਜਾਂਦਾ ਵੇਖਿਆ ਗਿਆ ਹੈ। ਧਰਤੀ ਦੀ ਹੱਦ ਤੋਂ ੨੫੦ ਮੀਲ ਦੂਰ। ਇਕ ਵਾਰੀ ਸਮੁੰਦਰੀ ਜਹਾਜ਼ ਤੇ ਵੀ ਕੁਛ ਬੱਚੇ ਇਵੇਂ ਹੀ ਪੁਜ ਗਏ ਸਨ। ਇਵੇਂ ਹੀ ਮਕੜੀਆਂ ਇਕ ਤੋਂ ਦੂਜੇ ਮੁਲਕਾਂ ਵਿਚ ਹਵਾ ਸਹਾਰੇ ਪਹੁੰਚ ਜਾਂਦੀਆਂ ਹਨ।

ਮਕੜੀ ਦੇ ਬੱਚੇ ਪੈਦਾ ਕਰਨ ਦੇ ਢੰਗ ਤੇ ਅੰਗ, ਆਮ ਜੰਤੂਆਂ ਨਾਲੋਂ ਬਹੁਤ ਭਿੰਨ ਹਨ, ਇਹ ਢੰਗ ਸਿਰਫ ਮਕੜੀਆਂ ਪਾਸ ਹੀ ਹੈ। ਬੱਚੇ ਪੈਦਾ ਕਰਨ ਵਾਲੇ ਅੰਗ ਭੋਗ ਕਰਨ ਵਾਲੇ ਅੰਗਾਂ ਨਾਲੋਂ ਬਿਲਕੁਲ ਵੱਖ ਹਨ। ਨਰ ਤੇ ਮਾਦਾ ਦੇ ਬੱਚੇ ਪੈਦਾ ਕਰਨ ਵਾਲੇ ਅੰਗ ਪੇਟ ਵਿਚ ਸਥਿਤ ਹਨ ਅਤੇ ਭੋਗ ਕਰਨ ਵਾਲੇ ਸਿਰ ਉਤੇ।

ਭਾਵੇਂ ਕ੍ਰੀਬ ਕ੍ਰੀਬ ਮਕੜੀ ਦੀਆਂ ਸਾਰੀਆਂ ਨਸਲਾਂ ਹੀ ਨੁਕਸਾਨ ਦੇਹ ਨਹੀਂ ਹਨ, ਪਰ ਫਿਰ ਵੀ ਸਾਰਾ ਸੰਸਾਰ ਇਨਾਂ ਨੂੰ ਖਤਰਨਾਕ ਸਮਝਕੇ ਡਰਦਾ ਹੈ। ਬਹੁਤੀਆਂ ਨਸਲਾਂ ਤਾਂ ਦੰਦੀ ਵਢਦੀਆਂ ਹੀ ਨਹੀਂ ਪਰ ਜੇ ਵੱਢ ਵੀ ਦੇਣ ਤਾਂ ਵੀ ਮਮੂਲੀ ਕੰਡੇ ਨਾਲੋਂ ਵੱਧ ਤਕਲੀਫ ਨਹੀਂ ਹੁੰਦੀ। ਭਾਵੇਂ ਕੁਛ ਕੁ ਗਿਣਤੀ ਦੀਆਂ ਕਿਸਮਾਂ ਵਿਚ ਜ਼ਹਿਰ ਸੱਪ ਨਾਲੋਂ ਵੀ ਵੱਧ ਤੇਜ਼ ਕਿਸਮ ਦੀ ਹੁੰਦੀ ਹੈ, ਪਰ ਉਹਦੀ ਮਾਤਰਾ ਇਨੀ ਘੱਟ ਹੁੰਦੀ ਹੈ, ਕਿ ਉਸਦਾ ਕੋਈ ਨੁਕਸਾਨ ਨਹੀਂ ਪਹੁੰਚਦਾ। ਮਕੜੀ ਨੂੰ ਮਾਰਨ ਤੋਂ ਪਹਿਲੋਂ ਇਹ ਜ਼ਰੂਰ ਸੋਚ ਲਵੋ ਕਿ ਤੁਸੀਂ ਮਾਨਵਤਾ ਦੇ ਇਕ ਬਹੁਤ ਵੱਡੇ ਮਿਤ੍ਰ ਨੂੰ, (ਜੋ ਕਿ ਹਾਨੀਕਾਰਕ ਕੀੜੇ ਖਾ ਕੇ ਤੁਹਾਨੂੰ ਬਚਾਉਂਦਾ ਹੈ) ਮਾਰਨ ਲਗੇ ਹੋ। ਮਨੁੱਖ ਤੋਂ ਬਿਨਾਂ ਬਹੁਤ ਸਾਰੇ ਕੀਟ ਅਹਾਰੀ ਪੰਛੀ ਤੇ ਕਿਰਲੀਆਂ ਵੀ ਇਸ ਜੀਵ ਦੀ ਗਿਣਤੀ ਘਟਾਉਂਦੇ ਹਨ।

੫੫੦੦੦ ਤੋਂ ਵੀ ਵੱਧ ਤਰ੍ਹਾਂ ਦੀਆਂ ਮਕੜੀਆਂ ਹਨ ਜੋ ਕਿ ੨-੦੦ ਜਿਨਸਾਂ ਵਿਚੋਂ ਹਨ, ਇਸ ਤੋਂ ਬਿਨਾਂ ਹਰ ਸਾਲ ਹੀ ਹਜ਼ਾਰਾਂ ਕਿਸਮਾਂ ਨਵੀਂਆਂ ਲਭਦੀਆਂ ਹਨ ਬਹੁਤ ਸਾਰੀਆਂ ਉਨਾਂ ਪੁਰਾਣੀਆਂ ਨਸਲਾਂ ਦੇ ਚਿੰਨ ਆਦਿ ਵਿਗਿਆਨਕਾਂ ਨੂੰ ਮਿਲੇ ਹਨ, ਜੋ ਕਿ ਦੁਨੀਆਂ ਤੋਂ ਇਸ ਵੇਲੇ ਪੂਰੇ ਤੌਰ ਤੇ ਖਤਮ ਹੋ ਚੁਕੀਆਂ ਹਨ।

ਸ੍ਰੀ ਜੀਵਨ ਨਗਤ (ਸਿਰਸਾ)





Sri Satguru Jagjit Singh Ji Elibrary NamdhariElibrary@gmail.com

# ਸੰਗੀਤ ਦਾ ਪਟਿਆਲਾ ਘਰਾਣਾ ਕੱਲ੍ਹ, ਅੱਜ ਤੇ ਭਲਕ

—ਗੁਰਨਾਮ ਸਿੰਘ

ਸੰਗੀਤ ਜਗਤ ਵਿਚ 'ਪਟਿਆਲਾ' ਨਾਮ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ । ਭਾਰਤੀ ਸੰਗੀਤ ਵਿਚ ਇਹ ਨਾਮ 'ਪਟਿਆਲੇ ਘਰਾਣੇ' ਦੀ ਨਿੱਜੀ, ਵਿਲੱਖਣ ਤੇ ਬੇਮਿਸਾਲ ਗਾਇਕੀ ਸਦਕਾ ਬਹੁਤ ਮਾਣ ਤੇ ਸਤਿਕਾਰ ਦਾ ਪਾਤਰ ਹੈ । ਪਟਿਆਲੇ ਘਰਾਣੇ ਦੀ ਸਥਾਪਨਾ ਭਾਵੇਂ ਪਟਿਆਲਾ ਦਰਬਾਰ ਦੀ ਦਰਬਾਰੀ ਮਾਨਤਾ ਅਤੇ ਸ਼ੋਹਰਤ ਉਪਰੰਤ ਹੀ ਮੰਨੀ ਜਾਂਦੀ ਹੈ ਪਰ ਇਸ ਘਰਾਣੇ ਦਾ ਸਬੰਧ ਸਿੱਖ ਸੰਗੀਤ ਪਰੰਪਰਾ ਦੇ ਮੋਢੀ ਰਬਾਬੀ ਭਾਈ ਮਰਦਾਨਾ ਨਾਲ ਸੀ ।

ਪਟਿਆਲੇ ਘਰਾਣੇ ਦੇ ਨਾਮਵਰ ਸਾਰੰਗੀ ਵਾਦਕ ਮੀਆਂ ਕਾਲੂ, ਮਹਾਨ ਖਿਆਲ ਗਾਇਕ ਤਾਨਰਸ ਖਾਂ ਸਾਹਿਬ ਦੇ ਸ਼ਾਗਿਰਦ ਸਨ । ਪਟਿਆਲੇ ਘਰਾਣੇ ਦੇ ਦਰਬਾਰੀ ਸੰਗੀਤ-ਕਾਰ ਹੋਣ ਕਰਕੇ ਆਪਦਾ ਦੇਸ ਭਰ ਵਿਚ ਕਾਫੀ ਨਾਮ ਸੀ ਅਤੇ ਆਪ ਉਚ ਕੋਟੀ ਦੇ ਸਾਰੰਗੀ ਵਾਦਕਾਂ ਵਿਚੋਂ ਉਤਮ ਗਿਣੇ ਜਾਂਦੇ ਸਨ । ਪਟਿਆਲੇ ਘਰਾਣੇ ਦੇ ਇਸ ਪੂਰਵਜ ਨੇ ਸੰਗੀਤ ਦੇ ਵੱਖ ਵੱਖ ਚਾਰ ਘਰਾਣਿਆਂ ਦੀ ਗਾਇਕੀ ਦੇ ਸੁਮੇਲ ਦੁਆਰਾ ਇਕ ਨਵੀਂ ਗਾਇਨ ਸ਼ੈਲੀ ਨੂੰ ਜਨਮ ਦਿਤਾ । ਇਸ ਮਹਾਨ ਗਾਇਕੀ ਨੂੰ ਮੀਆਂ ਕਾਲੂ ਦੇ ਸਪੁਤਰ ਅਲੀ ਬਖਸ਼ ਅਤੇ ਫਤ੍ਹੇ ਅਲੀ ਨੇ ਸਿਰਫ ਸੰਭਾਲਿਆ ਹੀ ਨਹੀਂ ਸਗੋਂ ਇਸਦੀ ਨੀਂਹ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਇਸਨੂੰ ਪਰਚਾਰਿਆ ਅਤੇ ਵਿਕਸਿਤ ਕੀਤਾ । ਉਨ੍ਹਾਂ ਜੈਪੁਰ ਘਰਾਣੇ ਦੇ ਮੁਬਾਰਕ ਅਲੀ ਖਾਂ ਸਾਹਿਬ ਅਤੇ ਗਵਾਲੀਅਰ ਘਰਾਣੇ ਦੇ ਹੱਦੂ ਖਾਂ ਸਾਹਿਬ ਦੀ ਬੇਮਿਸਾਲ ਗਾਇਕੀ ਨੂੰ ਆਪਣੀ ਗਾਇਕੀ ਅਤੇ ਅੰਦਾਜ਼ ਵਿਚ ਢਾਲਕੇ ਨਵੀਂ ਨੁਹਾਰ ਬਖਸ਼ੀ । ਇਨ੍ਹਾਂ ਦੋਵੇਂ ਭਰਾਵਾਂ ਦੀ ਗਾਇਕੀ ਦੀ ਤਾਰੀਫ ਸਾਰੇ ਭਾਰਤ ਵਿਚ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਨੂੰ ਤਾਨ ਦੇ ਧਨੀ ਕਿਹਾ ਜਾਂਦਾ ਹੈ । ਬਜ਼ੁਰਗ ਸੰਗੀਤ ਪ੍ਰੇਮੀ ਦੱਸਦੇ ਹਨ ਕਿ ਤਾਨ ਦੇ ਧਨੀ ਦੋਵੇਂ ਭਰਾ ਗਾਇਨ ਸਮੇਂ ਉਛਲ ਉਛਲ ਕੇ ਇਕ ਦੂਸਰੇ ਤੋਂ ਵੱਧ ਤਾਨਾਂ ਮਾਰਦੇ ਹੁੰਦੇ ਸਨ । ਤਾਨ ਲੈਂਦੇ ਸਮੇਂ ਇਨ੍ਹਾਂ ਦੀ ਮੁੱਖ ਵਿਸ਼ੇਸ਼ਤਾ ਸੁਰ ਦਾ ਸੁਰੀਲਾਪਨ ਸੀ, ਦੋਵੇਂ ਭਰਾ ਤਾਨ ਲੈਂਦੇ ਸਮੇਂ ਸੁਰ ਤੋਂ ਕੱਚੇ ਨਹੀਂ ਸਨ ਪੈਂਦੇ । ਅਲਾਪ, ਤਾਨ ਤੇ ਸੁਰ ਦੇ ਧਨੀ ਸੁਰੀਲੇ ਅਲੀ ਬਖਸ਼ ਤੇ ਫਤ੍ਹੇ ਅਲੀ ਦੇ ਗਾਇਨ ਪਿਛੋਂ ਇਕ ਵਾਰ ਤਾਂ ਤੰਬੂਰੇ ਮੂਧੇ ਮਾਰ ਦਿਤੇ ਜਾਂਦੇ, ਇਨ੍ਹਾਂ ਦੇ ਗਾਇਨ ਪਿਛੋਂ ਨਾਮੀ ਉਸਤਾਦ ਦੀ ਵੀ ਗਾਉਣ ਲਈ ਹਿੰਮਤ ਨਹੀਂ ਸੀ ਪੈਂਦੀ । ਇਨ੍ਹਾਂ ਦੋਵੇਂ ਮਹਾਨ ਗਾਇਕਾਂ ਨੂੰ ਸੰਗੀਤ ਖੇਤਰ ਦੇ ਜਰਨੈਲ ਅਲੀ ਬਖਸ਼ ਅਤੇ ਕਰਨੈਲ ਫਤ੍ਹੇ ਅਲੀ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ । ਖ਼ਿਆਲ ਗੀਤਾਂ ਦੀਆਂ ਬੰਦਸ਼ਾਂ ਵਿਚ ਅੱਜ ਵੀ ਇਨ੍ਹਾਂ ਦਾ ਜ਼ਿਕਰ ਹੈ—

ਤਾਨ ਕਪਤਾਨ ਜੱਗ ਮੇਂ ਕਹਾ ਗਏ
ਫਤ੍ਹੇ ਅਲੀ ਖਾਨ ।

ਜਰਨੈਲ ਅਲੀਬਖਸ਼ ਦੇ ਪੁੱਤਰ ਅਖਤਰ ਹੁਸੈਨ ਵੀ ਆਪਣੇ ਪਿਤਾ ਵਾਂਗੂ ਚੰਗੇ ਗਾਇਕ ਸਨ । ਉਸਤਾਦ ਅਖਤਰ ਹੁਸੈਨ ਦੇ ਸਪੁੱਤਰ ਸ੍ਰੀ ਅਮਾਨਤ ਅਲੀ ਫਤ੍ਹੇ ਅਲੀ ਦਾ ਗਾਇਨ ਅੱਜ ਵੀ ਪਾਕਿਸਤਾਨ ਰੇਡੀਓ ਸਟੇਸ਼ਨ ਤੋਂ ਸੁਣਾ-ਇਆ ਜਾਂਦਾ ਹੈ । ਖਾਂ ਸਾਹਿਬ ਫਤ੍ਹੇ ਅਲੀ ਨੇ ਪਟਿਆਲੇ ਘਰਾਣੇ ਨੂੰ ਉਸਤਾਦ ਆਸ਼ਿਕ ਅਲੀ, ਕਾਲੇ ਖਾਂ ਅਤੇ ਅਲੀਬਖਸ਼ (ਕਸੂਰਵਾਲੇ) ਵਰਗੇ ਮਹਾਨ ਕਲਾਕਾਰ ਦਿਤੇ । ਇਸ ਘਰਾਣੇ ਦੇ ਪ੍ਰਸਿੱਧ ਗਾਇਕ ਬੜੇ ਗੁਲਾਮ ਅਲੀ ਖਾਂ ਸਾਹਿਬ ਦਾ ਨਾਮ ਤਾਂ ਹਰ ਸੰਗੀਤ ਪ੍ਰੇਮੀ ਅਛੀ ਤਰ੍ਹਾਂ ਜਾਣਦਾ ਹੈ । ਬੜੇ ਗੁਲਾਮ ਅਲੀ ਖਾ ਸਾਹਿਬ ਨੇ ਪਟਿਆਲੇ ਘਰਾਣੇ ਦੀ ਗਾਇਕੀ ਨੂੰ ਸਿਖਰ ਉਤੇ ਪਹੁੰਚਾਇਆ । ਇਹ ਸਮਕਾਲੀ ਗਾਇਕਾਂ ਵਿਚੋਂ ਉਚ ਕੋਟੀ ਦੇ ਗਾਇਕ ਗਿਣੇ ਜਾਂਦੇ ਸਨ । ਪਟਿਆਲੇ ਘਰਾਣੇ ਅਤੇ ਪੰਜਾਬ ਦੇ ਮਾਣ ਖਾਂ ਸਾਹਿਬ ਗੁਲਾਮ ਅਲੀ ਸਪਾਟ ਤਾਨ, ਅਲੰਕਾਰਿਕ ਤਾਨ, ਅਲਾਪ ਅਤੇ ਲੈਅ ਦੇ ਧਨੀ ਸਨ । ਇਨ੍ਹਾਂ ਦਾ ਹਰ ਛਿਨ ਹਰ ਪਲ ਸੰਗੀਤਮਈ ਸੀ, ਆਪਣੇ ਅੰਤ ਸਮੇਂ ਤੱਕ ਆਪ ਡਾਕਟਰੀ ਹਦਾਇਤਾਂ ਦੀ



Sri Satguru Jagjit Singh Ji Elibrary NamdhariElibrary@gmail.com

ਪਰਵਾਹ ਕੀਤਿਆਂ ਬਿਨਾਂ ਗਾਉਂਦੇ ਰਹੇ। ਖਾਂ ਸਾਹਿਬ ਅਲੀਬਖਸ਼ ਦੇ ਛੋਟੇ ਭਰਾ ਨਬੀ ਬਖਸ਼ ਦੇ ਪੁਤਰ ਮੀਆਂ ਜਾਨ ਤੇ ਅਹਿਮਦ ਜਾਨ ਵੀ ਪਟਿਆਲੇ ਘਰਾਣੇ ਦੇ ਪ੍ਰਤੀਨਿਧ ਸਨ। ਅਹਿਮਦ ਜਾਨ ਦੇ ਪੁੱਤਰ ਸ੍ਰੀ ਬਾਕਰ ਹੁਸੈਨ ਖਾਂ ਅੱਜ ਕੱਲ ਮਲੇਰਕੋਟਲਾ ਵਿਖੇ ਰਹਿ ਰਹੇ ਹਨ।

ਪਟਿਆਲੇ ਘਰਾਣੇ ਨੇ ਥੋੜੇ ਸਮੇਂ ਵਿਚ ਬਹੁਤ ਉਨਤੀ ਕੀਤੀ ਅਤੇ ਦੂਜੇ ਘਰਾਣਿਆਂ ਦੇ ਮੁਕਾਬਲੇ ਵਿਚ ਇਕ ਨਿਵੇਕਲਾ ਸਥਾਨ ਬਣਾ ਲਿਆ। ਪਰ ਜਿਉਂ ਜਿਉਂ ਪਟਿਆਲਾ ਰਾਜ ਦਰਬਾਰ ਦੀ ਹਾਲਤ ਦੇ ਨਾਲ ਨਾਲ ਪਟਿਆਲੇ ਘਰਾਣੇ ਦੇ ਗਾਇਕਾਂ ਤੇ ਗਾਇਕੀ ਦੀ ਹਾਲਤ ਵੀ ਮੰਦੀ ਹੋ ਗਈ। ਰਾਜਿਆਂ ਮਹਾਰਾਜਿਆਂ ਲਈ ਪਟਿਆਲੇ ਘਰਾਣੇ ਦੀ ਗਾਇਕੀ ਨਿਤਾਪ੍ਰਤੀ ਦੀਆਂ ਕ੍ਰਿਆਵਾਂ ਸਮੇਂ ਮਨਪ੍ਰਚਾਵੇ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ। ਉਹ ਇਸ ਗਾਇਨ ਪਰੰਪਰਾ ਤੋਂ ਭਲੀਭਾਂਤ ਪਰੀਚਤ ਨਹੀਂ ਸਨ ਅਤੇ ਉਨ੍ਹਾਂ ਇਸ ਘਰਾਣੇ ਦੇ ਸੰਗੀਤਕਾਰ ਵੱਲ ਵੀ ਕੋਈ ਵਿਸ਼ੇਸ਼ ਧਿਆਨ ਨਾ ਦਿਤਾ। ਪਟਿਆਲੇ ਘਰਾਣੇ ਦੇ ਖਾਂ ਸਾਹਿਬ ਅਲੀ ਬਖਸ਼ ਦੇ ਸ਼ਗਿਰਦ ਪ੍ਰਸਿੱਧ ਦਿਲਰੁਬਾ ਵਾਦਕ ਸਵਰਗਵਾਸੀ ਸ੍ਰ: ਹਰਨਾਮ ਸਿੰਘ ਦੇ ਅੰਤਲੇ ਦਿਨਾਂ ਦੀ ਦਿਲ ਕੰਬਾਊ ਹਾਲਤ ਪਟਿਆਲੇ ਘਰਾਣੇ ਪ੍ਰਤੀ ਸਰਕਾਰੀ ਅਣਗਹਿਲੀ ਦਾ ਸ਼ਰਮਨਾਕ ਨਮੂਨਾ ਸੀ।

ਪਟਿਆਲਾ ਸ਼ਹਿਰ ਰਾਜਿਆਂ ਮਹਾਰਾਜਿਆਂ ਦਾ ਸ਼ਹਿਰ ਹੈ। ਕਿਲ੍ਹਾ, ਅਜਾਇਬ ਘਰ, ਬਾਰਾਂਦਰੀ ਅਤੇ ਹੋਰ ਇਤਿਹਾਸਕ ਯਾਦਗਾਰਾਂ ਮਹਾਰਾਜਿਆਂ ਦੀ ਐਸ਼ਪ੍ਰਸਤੀ ਅਤੇ ਠਾਠ ਬਾਠ ਦੀ ਅੱਜ ਵੀ ਯਾਦ ਤਾਜ਼ਾ ਕਰਦੀਆਂ ਹਨ। ਪਰ ਪਟਿਆਲੇ ਦੀ ਇਸ ਵਿਸ਼ੇਸ਼ ਸੰਗੀਤ ਪਰੰਪਰਾ ਦੀ ਸੁਰੱਖਿਆ ਵੱਲ ਨਾ ਤਾਂ ਕਿਸੇ ਸਰਕਾਰ ਨੇ ਵਿਸ਼ੇਸ਼ ਧਿਆਨ ਦਿਤਾ ਅਤੇ ਨਾ ਹੀ ਕਿਸੇ ਸੰਸਥਾ ਨੇ। ਪਟਿਆਲੇ ਘਰਾਣੇ ਦੀ ਸੰਗੀਤਕ ਯਾਦ ਦੇ ਕੁਝ ਨਮੂਨੇ ਸਿਲੰਡਰ ਰੂਪ ਵਿਚ ਭਾਈ ਸਾਹਿਬ ਬਾਗੜੀਆਂ ਦੇ ਪਰਿਵਾਰ ਕੋਲ ਸੁਰੱਖਿਅਤ ਦਸੇ ਜਾਂਦੇ ਹਨ, ਜਿਨ੍ਹਾਂ ਨੂੰ ਨਵਾਂ ਰੂਪ ਦੇਣਾ ਸਰਕਾਰ ਦਾ ਫਰਜ਼ ਬਣਦਾ ਹੈ। ਪਟਿਆਲੇ ਘਰਾਣੇ ਦੇ ਪ੍ਰਸਿੱਧ ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਦੇ ਸਪੁੱਤਰ ਉਸਤਾਦ ਮੁਨੱਵਰ ਅਲੀ ਖਾਂ ਸਾਹਿਬ ਪਟਿਆਲੇ ਘਰਾਣੇ ਦੇ ਵਿਸ਼ੇਸ਼ ਗਾਇਕ ਪ੍ਰਤੀਨਿਧ ਹਨ। ਉਨ੍ਹਾਂ ਦੀ ਸਹਾਇਤਾ ਦੁਆਰਾ ਪਟਿਆਲੇ ਘਰਾਣੇ ਦੀ ਗਾਇਕੀ ਨੂੰ ਜੀਵਤ ਰੱਖਣ ਲਈ ਸਰਕਾਰ ਨੂੰ ਕੋਈ ਅਹਿਮ ਕਦਮ ਚੁੱਕਣਾ ਚਾਹੀਦਾ ਹੈ।

ਆਧੁਨਿਕ ਪਟਿਆਲਾ ਸ਼ਹਿਰ ਵਿਚ ਸੰਗੀਤ ਦੇ ਵਿਕਾਸ ਤੋਂ ਕੋਈ ਵੀ ਸੰਗੀਤ ਪ੍ਰੇਮੀ ਸੰਤੁਸ਼ਟ ਨਹੀਂ। ਪਟਿਆਲੇ ਘਰਾਣੇ ਦੀ ਸ਼ੁੱਧ ਗਾਇਕੀ ਦੇ ਪ੍ਰਤੱਖ ਨਮੂਨੇ ਦੀ ਪ੍ਰਾਪਤੀ ਇਸ ਸ਼ਹਿਰ ਵਿਚ ਨਾ ਮੁਮਕਿਨ ਹੈ। ਸਿਖਿਆ ਸੰਸਥਾਵਾਂ ਅਤੇ ਹੋਰ ਸੰਗੀਤ ਵਿਦਿਆਲੇ ਆਪਣੀਆਂ ਸੀਮਾਵਾਂ ਕਰਕੇ ਵਿਸ਼ੇਸ਼ ਪ੍ਰਾਪਤੀ ਨਹੀਂ ਕਰ ਰਹੇ। ਪਿਛਲੇ ਵਰ੍ਹੇ 'ਭਾਰਤੀ ਤੰਬਾਕੂ ਕੰਪਨੀ' ਵਲੋਂ ਪਟਿਆਲਾ ਵਿਖੇ ਕਰਵਾਏ ਸੰਗੀਤ ਸੰਮੇਲਨ ਸਮੇਂ ਪਟਿਆਲੇ ਦੇ ਲੋਕਾਂ ਦੀ ਅਲਪ ਹਾਜ਼ਰੀ ਪਟਿਆਲੇ ਵਿਚਲੇ ਸੰਗੀਤ ਪ੍ਰੇਮ ਪ੍ਰਤੀ ਸ਼ੰਕਾ ਉਪਜਾਉਂਦੀ ਹੈ। ਇਸ ਸਮੇਂ 'ਸੰਗੀਤ ਰਿਸਰਚ ਅਕੈਡਮੀ ਕਲਕੱਤਾ' ਦੇ ਵਿਦਿਆਰਥੀ ਅਜੈ ਚੱਕਰਵਰਤੀ ਨੇ ਪਟਿਆਲੇ ਘਰਾਣੇ ਦੀ ਗਾਇਕੀ ਸੁਣਾਕੇ ਜਿਥੇ ਸਰੋਤਿਆਂ ਨੂੰ ਨਿਹਾਲ ਤੇ ਪ੍ਰਸੰਨ ਕਰ ਦਿਤਾ ਉਥੇ ਪਟਿਆਲੇ ਘਰਾਣੇ ਪ੍ਰਤੀ ਸੁਹਿਰਦ ਭਾਵਨਾਵਾਂ ਰੱਖਣ ਵਾਲੇ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਸ਼ਰਮਸਾਰ ਵੀ ਕੀਤਾ ਕਿਉਂਕਿ ਸਾਡੇ ਕੋਲ ਕੋਈ ਵੀ ਅਜਿਹਾ ਕਲਾਕਾਰ ਨਹੀਂ ਜੋ ਪਟਿਆਲੇ ਘਰਾਣੇ ਦੀ ਗਾਇਕੀ ਸੁਣਾ ਸਕੇ।

ਪਟਿਆਲਾ ਘਰਾਣਾ ਜਿਥੇ ਪੰਜਾਬੀਆਂ ਦਾ ਗੌਰਵ ਹੈ ਉਥੇ ਇਹ ਸੰਭਾਲ ਤੇ ਵਿਕਾਸ ਦਾ ਮੁਹਤਾਜ ਵੀ ਹੈ। ਸਮੂਹ ਸੰਗੀਤ ਪ੍ਰੇਮੀਆਂ ਦਾ ਪਟਿਆਲੇ ਘਰਾਣੇ ਦੀ ਗਾਇਕੀ ਦੇ ਪੁਨਰ ਉਥਾਨ ਲਈ ਲਾਮਬੰਦ ਹੋਣਾ ਜ਼ਰੂਰੀ ਹੈ। ਜੇ ਅਜਿਹਾ ਨਾ ਹੋਇਆ ਤਾਂ ਪਟਿਆਲਾ ਘਰਾਣਾ ਸਾਡੇ ਲਈ ਇਕ ਯਾਦ ਤੋਂ ਸਿਵਾ ਕੁਝ ਨਹੀਂ ਰਹੇਗਾ।

੧੯੦, ਸੇਵਕ ਕਾਲੋਨੀ
ਪਟਿਆਲਾ

★



Sri Satguru Jagjit Singh Ji Elibrary NamdhariElibrary@gmail.com

ਕਵਿਤਾ

# "ਸੂਰਾ ਮੌਤ ਨੂੰ ਵੇਖਕੇ ਲੁਕਦਾ ਨਹੀਂ"

ਇਕਬਾਲ ਸਿੰਘ ਮਨਚੰਦਾ—ਬੈਂਕੋਕ

ਜਿਸਦਾ ਇਸ਼ਕ ਹੈ ਵਾਂਗ ਪਟਵਾਨਿਆਂ ਦੇ, ਕਦੇ ਜੀਓਣ ਦਾ ਨਹੀਂ ਇਤਬਾਰ ਕਰਦਾ ॥
ਲਾਟ ਸ਼ਮ੍ਹਾਂ ਅਜ਼ਾਦੀ ਦੀ ਵੇਖ ਬਲਦੀ, ਸੜ ਮਰਨ ਤੋਂ ਨਹੀਂ ਇਨਕਾਰ ਕਰਦਾ ॥
ਇਸਦੇ ਦਿਲ ਵਿਚ ਦੇਸ਼ ਲਈ ਦਰਦ ਇਤਨਾ, ਕਿਸੇ ਹੁਕਮ ਦਾ ਨਹੀਂ ਇੰਤਜ਼ਾਰ ਕਰਦਾ ॥
ਸਿਰ ਦੇਨ ਦੀ ਜਦੋਂ ਫਿਰ ਲੋੜ ਪੈ ਜਾਏ, ਪੁਰਜ਼ਾ ਪੁਰਜ਼ਾ ਓਹ ਤੱਦ ਨਿਸਾਰ ਕਰਦਾ ॥
ਪਰਚਾ ਜਦੋਂ ਇਮਤਿਹਾਨ ਦਾ ਆਨ ਪੈਂਦਾ, ਪੂਰੇ ਨੰਬਰਾਂ ਬਿਨ ਕਦੇ ਰੁਕਦਾ ਨਹੀਂ ॥
ਸੀਸ ਜਾਏ ਪਰ ਸਿਰੜ ਨ ਜਾਨ ਦੇਂਦਾ, ਸੂਰਾ ਮੌਤ ਨੂੰ ਵੇਖਕੇ ਲੁਕਦਾ ਨਹੀਂ ॥

ਸੂਲੀ ਚੜ੍ਹਦਿਆਂ ਵੇਖਕੇ ਸਾਥੀਆਂ ਨੂੰ, ਠਾਠਾਂ ਜੋਸ਼ ਪਿਆ ਏਸਦਾ ਮਾਰਦਾ ਏ ॥
ਹੱਥੀਂ ਬੰਨ੍ਹ ਗਾਨੇ ਖ਼ਫਨੀ ਸੀਸ ਧਰਕੇ, ਮਹਿੰਦੀ ਖ਼ੂਨ ਨਾਲ ਆਪਾ ਸ਼ਿੰਗਾਰਦਾ ਏ ॥
ਲਾੜਾ ਬਣ ਸ਼ਹੀਦੀ ਵਿਆਹੁਣ ਵੇਲੇ, ਸੀਸ ਤਲੀ ਰੱਖਕੇ ਤੇਗਾਂ ਮਾਰਦਾ ਏ ॥
ਆਰੇ ਨਾਲ ਏਹ ਜਿਸਮ ਚਿਰਵਾ ਲੈਂਦਾ, ਪਰ ਏਹ ਧਰਮ ਤੋਂ ਕਦੇ ਨਾ ਹਾਰਦਾ ਏ ॥
ਨੀਂਹ ਕੌਮ ਦੀ ਪੱਕੀ ਉਸਰਾਉਣ ਦੇ ਲਈ, ਐਸੇ ਮੌਕਿਓਂ ਕਦੇ ਵੀ ਉੱਕਦਾ ਨਹੀਂ ॥
ਪੀਂਦੇ ਜਾਮ ਸ਼ਹਾਦਤ ਦਾ ਆਪ ਭਰ ਕੇ, ਸੂਰਾ ਮੌਤ ਨੂੰ ਵੇਖਕੇ ਲੁਕਦਾ ਨਹੀਂ ॥

'ਲੜੇ ਦੀਨ ਕੇ ਹੇਤ' ਪਹਿਚਾਨ ਇਸਦੀ, ਰੱਤ ਪਾ ਕੇ ਸ਼ਮ੍ਹਾਂ ਜਗਾਈ ਰੱਖੇ ॥
ਸੀਨਾ ਤਾਨ ਸਾਹਵੇਂ ਤੋਪ ਖੜਾ ਹੋ ਕੇ, ਰਾਹ ਜੀਊਣ ਦਾ ਸਦਾ ਰੁਸ਼ਨਾਈ ਰੱਖੇ ॥
ਛੋਟੇ ਕਦ ਨੂੰ ਪੂਰਿਆਂ ਕਰਨ ਦੇ ਲਈ, ਥੜੀ ਢੇਮਾਂ ਦੀ ਉਚੀ ਬਨਾਈ ਰੱਖੇ ॥
ਟੋਟੇ ਟੋਟੇ ਸਰੀਰ ਕਰਵਾ ਲੈਂਦਾ, ਦਾੜ੍ਹੀ ਕਾਵਨ ਦੀ ਤਾਂ ਵੀ ਹਿਲਾਈ ਰੱਖੇ ॥
ਕੇਸਾਂ ਸਵਾਸਾਂ ਦੇ ਨਾਲ ਈਮਾਨ ਨਿਭ ਜਾਏ, ਸੀਸ ਗੈਰ ਅੱਗੇ ਇਸਦਾ ਝੁਕਦਾ ਨਹੀਂ ॥
ਪੈਰ ਪੁਟਿਆਂ ਪਿਛਾਂਹ ਨਹੀਂ ਪਰਤਦਾ ਏ, ਸੂਰਾ ਮੌਤ ਨੂੰ ਵੇਖਕੇ ਲੁਕਦਾ ਨਹੀਂ ॥

ਇਹਨੇ ਪਾਵਨ ਇਤਿਹਾਸ ਦੇ ਪੰਨਿਆਂ ਨੂੰ, ਨਾਲ ਖ਼ੂਨ ਆਪਣੇ ਰੰਗ ਰੰਗਿਆ ਏ ॥
ਦੇਸ਼ ਕੌਮ ਤੇ ਧਰਮ ਲਈ ਮਿਟ ਜਾਣਾ, ਜੀਵਨ ਅਪਣਾ ਸੂਲੀ ਉਤੇ ਟੰਗਿਆ ਏ ॥
ਜੰਮਣ ਮਰਨਾ ਤੇ ਮਰਕੇ ਫੇਰ ਜੰਮਣਾ, ਬਿਨਾਂ ਏਸ ਜੇ ਹੋਰ ਕਿਛ ਮੰਗਿਆ ਏ ॥
"ਆਵਨ ਜਾਣ ਹੋਵੇ ਮੇਰਾ ਦੇਸ਼ ਦੇ ਲਈ," ਮੰਗ ਮੰਗਨੋਂ ਕਦੇ ਨਾ ਸੰਗਿਆ ਏ ॥
ਕੀ ਕੀ ਦੱਸਾਂ ਮੈਂ ਕਿੱਸਾ ਕੁਰਬਾਨੀਆਂ ਦਾ, ਜੇਹੜਾ ਕਹਿੰਦਿਆਂ ਕਹਿੰਦਿਆਂ ਮੁਕਦਾ ਨਹੀਂ ॥
ਸੱਚੀ ਗੱਲ ਜੋ ਸਾਰਾ ਸੰਸਾਰ ਆਖੇ, ਸੂਰਾ ਮੌਤ ਨੂੰ ਵੇਖ ਕੇ ਲੁਕਦਾ ਨਹੀਂ ॥



Sri Satguru Jagjit Singh Ji Elibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ



ਸਤਿਗੁਰੂ ਜਗਜੀਤ ਸਿੰਘ ਜੀ

(ਲੜੀ ਜੋੜਨ ਲਈ ਅਕਤੂਬਰ ੧੯੮੩ ਅੰਕ ਵੇਖੋ)

**੬ ਅਪਰੈਲ ੧੯੭੮ ਵੀਰਵਾਰ**
**ਬੰਬਈ**

ਸ਼੍ਰੀ ਸਤਿਗੁਰੂ ਜੀ ਦੀ ਆਮਦ ਤੋਂ ਪਹਿਲੋਂ ਸ੍ਰ. ਹਰਵਿੰਦਰ ਸਿੰਘ ਹੰਸਪਾਲ ਨੇ ਕਲਕਤੇ ਨੂੰ ਉਡਣਾ ਸੀ। ਮੈਂ ੪.੨੦ ਤਕ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਿਆ। ਹੁਣੇ ਹੁਣੇ ਮਹਾਰਾਜ ਬੀਰ ਸਿੰਘ ਜੀ 'ਸਪੂਤਨਿਕ' ਵਿਚ ਆ ਪਹੁੰਚੇ। ਉਨ੍ਹਾਂ ਉਸਤਾਦ ਅਮਜਦ ਅਲੀ ਦੀ ਬੰਬੇ ਪਹੁੰਚ ਬਾਰੇ ਪੁਛਿਆ। ਇਹਨਾਂ ਨੂੰ ਲੈਣ ਇਨ੍ਹਾਂ ਦੇ ਸ਼ਾਗਿਰਦ ੨ ਵਜੇ ਦੇ ਹੀ ਗਏ ਹੋਏ ਸਨ। ਮਹਾਰਾਜ ਜੀ ਤੋਂ ਇਹ ਵੀ ਪਤਾ ਲਗਾ ਕਿ ਉਸਤਾਦ ਵਲਾਇਤ ਖਾਂ ਸਾਹਿਬ ਕਿਸੇ ਪਹਿਲੀ ਫਲਾਈਟ ਤੇ ਹੀ ਆ ਚੁਕੇ ਸਨ। ਉਨ੍ਹਾਂ ਦੇ ਸ਼ਿਸ਼ ਸ਼੍ਰੀ ਧਰਮਵੀਰ ਸਿੰਘ ਤੇ ਹੋਰ ਵਿਚਾਰੇ ਫਾਲਤੂ ਚੱਕਰ ਕਟ ਕੇ ਮੁੜੇ।

**ਕੇ. ਮਹਾਵੀਰ ਦੇ ਘਰ**

ਅੱਜ ੧੨ ਵਜੇ ਦੁਪਹਿਰੇ ਮੈਂ ਅਤੇ ਹਰਭਜਨ ਸਿੰਘ ਸਿਤਾਰ ਪੰਡਿਤ ਕੇ. ਮਹਾਵੀਰ ਦੇ ਘਰ ਪੁੱਜੇ। ਪੈਡਰ ਰੋਡ ਤੇ, ਜਸਲੋਕ ਹਸਪਤਾਲ ਦੇ ਨੇੜੇ, ਇਕ, ਕਈ ਛੱਤੇ ਸਕੂਲ ਦੇ ਪਿਛਲੇ ਸਿਹਨ ਵਿਚ ਨਾਲੀਦਾਰ ਚੱਦਰਾਂ ਦੀ ਛੱਤ ਵਾਲੇ ਦੋ ਕਮਰਿਆਂ ਵਿਚ ਕੇ. ਮਹਾਵੀਰ ਅਤੇ ਉਨ੍ਹਾਂ ਦੇ ਸਹੁਰੇ ਰਹਿੰਦੇ ਹਨ। ਸਾਡੇ ਜਾਣ ਤੋਂ ਪਹਿਲਾਂ, ਥੋੜਾ ਚਿਰ ਪਹਿਲਾਂ ਹੀ ਮਹਾਵੀਰ ਆਪਣੇ ਘਰ ਪਹੁੰਚਾ ਸੀ। ਜਦੋਂ ਅਸੀਂ ਉਸਦੇ ਸਹੁਰਿਆਂ ਦਾ ਕਮਰਾ ਲੰਘ ਕੇ ਉਹਦੇ ਅਪਣੇ ਕਮਰੇ ਵਿਚ ਗਏ ਤਾਂ ਉਸਦੇ ਸਾਹਮਣੇ ਇਕ ਹਲਕੀ-ਫੁਲਕੀ ਜਿਹੀ, ਸੁਹਣੇ ਨਕਸ਼ਾਂ ਤੇ ਸਾਧਾਰਨ ਰੰਗ ਦੀ



Sri Satguru Jagjit Singh Ji Elibrary NamdhariElibrary@gmail.com

ਦੀ ਕੁੜੀ ਘੁੰਘਰਿਆਲੇ ਵਾਲਾਂ ਨੂੰ ਘੜੀ-ਮੁੜੀ ਥਾਂ ਸਿਰ ਕਰਦੀ, ਸ਼ੁਧ ਸਾਰੰਗ ਦੀ ਇਕ ਬੰਦਸ਼ ਗਾ ਰਹੀ ਸੀ। ਤਾਨ-ਪੂਰਾ ਉਹਦੇ ਹੱਥ, ਹਾਰਮੋਨੀਅਮ ਕੇ. ਮਹਾਵੀਰ ਦੇ ਹੱਥ।

ਇਸ ਕਮਰੇ ਵਿਚ ਇਕ ਪਾਸੇ ਰਸੋਈ ਤਿਆਰ ਹੋ ਰਹੀ ਸੀ, ਦੂਜੇ ਪਲੰਘ ਵਿਛਿਆ ਤੇ ਹੇਠ ਵਿਚਕਾਰੇ ਫ਼ਰਸ਼ ਦੀ ਵਿਛਾਈ ਉਤੇ, ਸ਼੍ਰੀ ਮਾਨ ਪੰਡਿਤ ਮਹਾਦੇਉ ਜੀ ਦਾ ਇਹ ਗੁਣੀ ਬੱਚਾ ਉਸਤਾਦੀ ਸ਼ਾਗਿਰਦੀ ਚਲਾ ਰਿਹਾ ਸੀ।

ਕੋਈ ਵੀਹ ਸਾਲ ਪਹਿਲਾਂ, ਇਹ ਸਾਰਾ ਪਰਵਾਰ ਸਮੇਤ ਪਿਤਾ ਸ਼੍ਰੀ ਮਹਾਦੇਉ ਜੀ ਦੇ ਸ਼੍ਰੀ ਜੀਵਨ ਨਗਰ (ਸਰਸਾ), ਸਤਿਗੁਰੂ ਜੀ ਦੀ ਸੇਵਾ ਵਿਚ ਪਹੁੰਚਾ ਹੋਇਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਹਨਾਂ ਗੁਣੀ ਕਲਾ-ਕਾਰਾਂ ਨੂੰ ਅਮ੍ਰਿਤਸਰੋਂ ਉਠਾ ਲਿਆਏ ਸਨ। ਇਹਨੀਂ ਦਿਨੀਂ ਪਿਤਾ ਜੀ ਤਾਂ ਪੈਨਸ਼ਨਰ ਹੀ ਸਨ। ਬੱਚਿਆਂ ਵਿਚੋਂ ਅਜੇ ਕੇ. ਪੰਨਾ ਲਾਲ ਹੀ ਆਲ ਇੰਡੀਆ ਰੇਡੀਓ ਦਿੱਲੀ ਵਿਚ ਮੁਲਾਜ਼ਮ ਹੋ, ਰੋਟੀ-ਰੋਜ਼ੀ ਕਮਾ ਰਿਹਾ ਅਤੇ ਅਪਣਾ ਪਰਵਾਰ ਪਾਲ ਰਿਹਾ ਸੀ। ਓਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪੋਤਰੇ ਠਾਕੁਰ ਦਲੀਪ ਸਿੰਘ ਜੀ ਅਤੇ ਹਰਭਜਨ ਸਿੰਘ-ਗੁਰਦੇਵ ਸਿੰਘ ਆਦਿ ਬੱਚਿਆਂ ਨੂੰ ਰਾਗ ਸਿਖਾਣ ਲਈ ਇਨ੍ਹਾਂ ਪਿਤਾ-ਪੁੱਤਰਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਸਨ।

ਜੀਵਨ ਨਗਰ ਰਹਿੰਦਿਆਂ ਕੇ. ਮਹਾਬੀਰ ਅਨੇਕ ਵਾਰ ਮੇਰੇ ਕਮਰੇ ਵਿਚ (ਓਦੋਂ ਮੈਂ ਸਤਿਜੁਗ ਸੰਪਾਦਕ ਸਾਂ) ਆਇਆ ਕਰਦਾ। ਗ਼ਜ਼ਲਾਂ ਅਤੇ ਗੀਤ ਗਾ ਗਾ ਕੇ ਸੁਖ ਅਤੇ ਪਿਆਰ ਦਿਆ-ਲਿਆ ਕਰਦਾ। ਓਦੋਂ ਵੀ ਇਸ ਨੌਜਵਾਨ ਦੀਆਂ ਅੱਖਾਂ ਵਿਚ ਬੰਬਈ ਇਕ ਚਮਕਦੇ ਸਿਤਾਰੇ ਵਾਂਗ ਲਟਕਦੀ ਸੀ। ਮੈਨੂੰ ਕੇ. ਮਹਾਵੀਰ ਨੂੰ ਵਿਹਦਿਆਂ ਹੀ ਜਿਵੇਂ ਸੰਗੀਤ ਖੁਧਿਆ ਲਗ ਜਾਂਦੀ।

ਕੇ. ਮਹਾਵੀਰ ਮੈਨੂੰ ਇਸ ਕਾਰਨ ਵੀ ਯਾਦ ਰਹਿੰਦਾ ਹੈ ਕਿ ਇਹ ਅਤੇ ਮੇਰਾ ਲੜਕਾ ਮਨਧੀਰ ਸਿੰਘ ਇਕ ਵਾਰ ਸਰਸੇ ਗਏ। ਸਾਹਮਣੀ ਹਵਾ ਵਿਚ ੨੨ ਮੀਲ ਸਾਈਕਲ ਚਲਾਂਦਾ ਆਪਣੇ ਪਿਆਰੇ ਮਿੱਤਰ ਤੇ ਉਸਤਾਦ ਨੂੰ ਖਿੱਚਦਾ ਮਨਧੀਰ ਸਿੰਘ ਸਰਸੇ ਪੁੱਜਾ। ਉਹਦੇ ਲੱਕ ਵਿਚ ਦਰਦ ਠਹਿਰ ਗਈ। ਆਂਤੜੀਆਂ ਦੀ ਸੋਜ਼ਸ਼ ਹੋ ਗਈ। ਡੇਢ ਹਜ਼ਾਰ ਰੁਪੈਆ ਖਰਚ ਹੋ ਗਿਆ। ਦਿੱਲੀ ਦੇ ਇਕ ਡਾਕਟਰ ਨੇ ਮਸਾਂ ਕਿਤੇ ਜਾਕੇ ਉਸਨੂੰ ਸਾਂਵਿਆਂ ਕੀਤਾ। ਇਹ ਇਕ ਯਾਦ ਹੀ ਹੈ, ਗਿਲਾ-ਸ਼ਿਕਵਾ ਨਹੀਂ। ਅਤੇ ਹੁਣ ਬੰਬਈ ਵਿਚ ਆਇਆਂ ਮਹਾਵੀਰ ਦੀਆਂ ਸੁਰਾਂ ਨੇ ਫਿਰ ਖਿੱਚ ਮਾਰੀ ਅਤੇ ਅਜ ਪਹੁੰਚ ਗਏ ਉਹਦੇ ਘਰ।

ਮਾੜਚੂ ਸਰੀਰ ਅੱਖਾਂ ਨੂੰ ਮੋਤੀਆ ਬਿੰਦ, ਉਪਰੇਸ਼ਨ ਦੀ ਉਡੀਕ। ਮਹਾਵੀਰ ਉਤੇ ਬਜ਼ੁਰਗੀ ਦਾ ਦੌਰ ਦੌਰਾ ਸੀ। ਉਸਨੇ ਪਿਆਰੇ ਨੇ ਸੁਖਿਆਣੇ ਦਿਨਾਂ ਦੀ ਯਾਦ ਦੀ ਕਿਤਾਬ ਫੋਲ ਧਰੀ। ਬੀਤੇ ਦੇ ਸੁਆਦ ਨਾਲ ਸਰਸ਼ਾਰ ਹੋਇਆ ਉਹੋ ਪੁਰਾਣੀ ਗਜ਼ਲ ਗਾਉਣ ਲਈ ਆਪਣੀ ਸ਼ਾਗਿਰਦ ਰੇਣੁਕਾ ਮਲਕਾਨੀ ਨੂੰ "ਆਂਖ ਸੇ ਆਂਖ ਮਿਲਾਤਾ ਹੈ ਕੋਈ" ਗਾਉਣ ਲਈ ਲਾ ਦਿਤਾ। ਬਾਰੀਕ, ਲੋਚ ਭਰੀ, ਮ੍ਰਿਦੂ ਤੇ ਖ਼ਮਦਾਰ ਆਵਾਜ਼ ਤਾਨਪੂਰੇ ਦੀਆਂ ਸੁਰਾਂ ਨਾਲ ਗੂੰਜ ਉਠੀ ਅਤੇ ਏਧਰ ਮਹਾਵੀਰ ਦੀਆਂ ਉਂਗਲਾਂ ਹਾਰਮੋਨੀਅਨ ਦੀਆਂ ਚਿੱਟੀਆਂ-ਕਾਲੀਆਂ ਸੁਰਾਂ ਉਤੇ ਨੱਚਣ ਲਗੀਆਂ।

## ਦਰਸ਼ਨ ਕਦੋਂ ਕੁ ?

੬ ਵਜ ਚੁਕੇ ਹਨ। ਅਜੇ ਤਕ ਮੈਨੂੰ ਪਤਾ ਨਹੀਂ ਲਗ ਸਕਿਆ ਕਿ ਸਤਿਗੁਰੂ ਜੀ ਦਿਗਦ ਪੁਰੀਓਂ ਆਏ ਹਨ ਜਾਂ ਨਹੀਂ। ਮਹਾਰਾਜ ਜੀ ਵੀ ਰੇਸ ਕੋਰਸੋਂ ਹੋ ਕੇ ਮੁੜਦੇ ਮਿਲ ਪਏ ਪਰ ਉਹਨਾਂ ਵੀ ਅਜੇ ਤਕ ਨਾ ਦਰਸ਼ਨ ਕੀਤੇ ਸਨ ਅਤੇ ਨਾ ਹੀ ਆਮਦ ਦੀ ਜਾਣਕਾਰੀ ਪ੍ਰਾਪਤ ਕੀਤੀ ਸੀ। ਜਾਪਦਾ ਹੈ ਕਿ ਅੱਜ ਦਰਸ਼ਨ ਬਿਰਲਾ ਮਾਤ੍ਰਸ਼੍ਰੀ ਸਭਾਗਾਰ ਵਿਚ ਹੀ ਹੋਣਗੇ।

ਮਾਤ੍ਰਸ਼੍ਰੀ ਸਭਾਗਾਰ ਵਿਚ ੭.੩੦ ਵਜੇ ਸ਼ਾਮੀਂ ਪਹੁੰਚਿਆ ਤਾਂ ਹਾਲ ਤੋਂ ਬਾਹਰ ਦਿੱਲੀਓਂ ਨਵੇਂ ਆਏ ੫ ਸਰੀਰ ਮਿਲੇ। ਸ੍ਰ. ਸੁਲਖਣ ਸਿੰਘ ਸੰਤ ਸਵਰਨ ਸਿੰਘ ਅਤੇ ਸੰਤ ਅਵਤਾਰ ਸਿੰਘ ਆਦਿ। ਸਤਿਗੁਰੂ ਜੀ ਅਜੇ ਤਕ ਸਭਾਗਾਰ ਵਿਚ ਨਹੀਂ ਪਧਾਰੇ ਤਾਜ ਮੱਹਲ ਵਿਚ ਗਏ ਹਨ। ਇੱਗਦ ਪੁਰੀਓਂ ਸਮਾਗਮ ਤੋਂ ਅੱਧਾ ਘੰਟਾ ਹੀ ਪਹਿਲਾਂ ਆਏ ਹਨ। ਬੰਬਈ ਵਿਚ ਸਤਿਗੁਰੂ ਜੀ ਬਿਨਾ ਏਨਾ ਸਮਾ ਰਹਿਣਾ ਸੁਖਾਇਆ ਨਹੀਂ।

## ਮਾਤ੍ਰਸ਼੍ਰੀ ਸਭਾਗਾਰ ਵਿਚ

ਐਨ ੭.੩੦ ਵਜੇ ਮਹਾਰਾਜ ਬੀਰ ਸਿੰਘ ਜੀ ਦੇ ਪ੍ਰਬੰਧ ਹੇਠ ਮੰਚ ਸਕੱਤਰ ਸ਼੍ਰੀ ਸੁਖਬੀਰ ਗੁਲਾਟੀ ਨੇ, ਸ਼੍ਰੀ ਚੌਰਸੀਆ ਦੇ ਇਕ ਨਾਮਧਾਰੀ ਸ਼ਾਗਿਰਦ ਸ. ਸਤਪਾਲ ਸਿੰਘ ਜੰਮੂ ਨੂੰ ਬੰਸਰੀ ਵਾਦਨ ਲਈ ਪੇਸ਼ ਕੀਤਾ। ਸਤਪਾਲ ਸਿੰਘ ਨਾਲ ਤਬਲੇ ਤੇ ਸੰਗਤ ਸ਼੍ਰੀ ਕਿਰਨਪਾਲ ਸਿੰਘ ਕਰ ਰਿਹਾ ਹੈ ਜੋ ਸਾਊਥਾਲ (ਯੂ. ਕੇ) ਵਿਚੋਂ ਭਾਰਤ ਅੰਦਰ ਪੰ: ਸ਼ਿਵ



Sri Satguru Jagjit Singh Ji Elibrary NamdhariElibrary@gmail.com

ਕੁਮਾਰ ਜੀ ਤੋਂ ਸੰਤੂਰ ਸਿਖਣ ਆਇਆ ਹੈ। ਦੋਹਾਂ ਦਾ ਜੋੜ ਠੀਕ ਹੀ ਰਿਹਾ ਹੈ। ਅੱਧੇ ਘੰਟੇ ਦੇ ਅੰਦਰ ਅੰਦਰ ਹਾਲ ਦੀਆਂ ਕੁਰਸੀਆਂ ਭਰਪੂਰ ਹੋ ਗਈਆਂ।

### ਸਭਾਗਾਰ ਤੋਂ ਬਾਹਰ

੮ ਵਜੇ ਰਾਤੀਂ ਸਤਿਗੁਰੂ ਜੀ ਸਭਾਗਾਰ ਦੇ ਸਾਹਵੇਂ ਆਕੇ ਕਾਰੋਂ ਉਤਰੇ ਤਾਂ ਬੰਬਈ ਦੇ ਨਾਮਧਾਰੀਆਂ, ਸ਼ਾਕਾਹਾਰ ਸੰਸਥਾਵਾਂ ਵਾਲਿਆਂ ਅਤੇ ਕੁਛ ਹੋਰ ਲੋਕਾਂ ਨੇ ਘੇਰਾ ਪਾ ਲਿਆ। ਹਰ ਕੋਈ ਦਰਸ਼ਨ ਕਰਕੇ ਅਸ਼ੀਰਵਾਰ ਚਾਹ ਰਿਹਾ ਸੀ।

ਸ਼੍ਰੀ ਮਾਨਕਰ ਦੀ ਜੀਵ ਦਇਆ ਸੁਸਾਇਟੀ ਅਤੇ ਕੁਛ ਹੋਰ ਸ਼ਾਕਾਹਾਰੀਆਂ ਨੇ ਇਕ ਸੰਗੀਤ ਸਭਾ ਵੀ ਬਣਾਈ ਹੋਈ ਹੈ। ਇਸਦੇ ਮੋਢੀ ਨੇ ਤਿੰਨ ਹੋਣ ਹਾਰ ਕਲਾਕਾਰਾਂ ਨੂੰ ਚਰਨੀਂ ਲੁਆਕੇ ਅਸ਼ੀਰਵਾਦ ਮੰਗਣ ਦੇ ਨਾਲ ਇਹ ਕਾਮਨਾ ਵੀ ਕੀਤੀ ਕਿ ੯ ਅਪਰੈਲ ਨੂੰ ਉਨ੍ਹਾਂ ਦੇ ਪ੍ਰੋਗਰਾਮ ਵਿਚ ਵੀ ਜ਼ਰੂਰ ਦਰਸ਼ਨ ਦਿਤੇ ਜਾਣ। ਸਤਿਗੁਰੂ ਜੀ ਨੇ ਅਪਣੇ ਪੀਚਵੇਂ ਪ੍ਰੋਗਰਾਮ ਦਾ ਜ਼ਿਕਰ ਕਰਦਿਆਂ ਮੇਰੇ ਅਤੇ ਜਗਦੀਸ਼ ਸਿੰਘ "ਵਰਿਆਮ" ਦੇ ਜ਼ਿਮੇ ਲਾਇਆ ਕਿ ਅਸੀਂ ਕੁਛ ਹੋਰ ਨਾਮਧਾਰੀ ਨਾਲ ਲੈਕੇ ਪ੍ਰਤੀਨਿਧਤਾ ਕਰੀਏ।

ਪੰਜਾਬੀ ਦਾ ਬੰਬਈ ਵਿਚ ਰਹਿੰਦਾ ਇਕ ਲੇਖਕ, ਪ੍ਰੀਤਮ ਬੇਲੀ, ਜਦੋਂ ਚਰਨੀਂ ਹੱਥ ਲਾਣ ਲਈ ਝੁਕਿਆ ਅਤੇ ਮੈਂ ਦੱਸਿਆ ਕਿ ਇਹ ਮੇਰਾ ਸਰਨਾਵੀਆਂ ਤਾਂ ਹੈ ਹੀ ਨਾਲ ਮੇਰਾ ਬੇਲੀ ਵੀ ਹੈ। ਸਤਿਗੁਰੂ ਹਸਦੇ ਹਸਦੇ ਬੋਲੇ : ਫਿਰ ਤਾਂ ਸਾਡਾ ਬੇਲੀ ਵੀ ਬਣੇਗਾ ਹੀ।

### ਮਸਰੂਫੀਅਤ

ਸਭਾਗਾਰ ਦੀਆਂ ਪੌੜੀਆਂ ਉਤਰਦਿਆਂ, ਸ੍ਰੀ ਸਤਿਗੁਰੂ ਜੀ ਨੂੰ ਅੱਜ ਦੇ ਬਿਤਾਏ ਦਿਨ ਬਾਰੇ ਪੁਛਿਆ ਤਾਂ ਆਪਨੇ ਦੱਸਿਆ : ਇੱਗਦ ਪੁਰੀ ਨੂੰ, ਸਵੇਰੇ ਜਹਾਜ਼ੋਂ ਉਤਰਦਿਆਂ ਹੀ ਚਲੇ ਗਏ। ਪੰਜ ਛੇ ਘੰਟੇ ਤਾਂ ਜਾਣ-ਆਉਣ ਵਿਚ ਹੀ ਲਗ ਗਏ। ਦੋ ਢਾਈ ਘੰਟੇ ਇੱਗਦਪੁਰੀ ਵੀ ਰਹੇ। ਮਸਾਂ ੪ ਵਜੇ ਤਕ ਬੰਬਈ ਪਹੁੰਚੇ। ਏਥੇ ਮਹਾਰਾਜ ਜੀ ਦੇ ਡੇਰੇ ਜਾ, ਇਕ ਅੱਧੀ ਹੋਰ ਜਗਹ/ਭੁਗਤਾ, ਤਾਜ ਵਿਚ ਆਪਣੀ ਜਗਹ ਦਾ ਪਤਾ ਕਰਨ ਗਏ, ਅੱਜ ਏਥੇ ਪਛੜ ਕੇ ਪਹੁੰਚਿਆ ਗਿਆ ਹੈ। ਤੁਹਾਨੂੰ ਵੀ ਫੋਨ ਨਹੀਂ ਕਰ ਸਕਿਆ ਅਤੇ ਅਮਜਦ ਅਲੀ ਜੀ ਨਾਲ ਵੀ ਮੁਲਾਕਾਤ ਫੋਨ ਤੇ ਹੀ ਕੀਤੀ।

### ਧਰਮਵੀਰ ਸਿੰਘ

ਸਭਾਗਾਰ ਵਿਚ ਦਾਖਲ ਹੋਇਆ ਤਾਂ ਖਾ ਸਾਹਿਬ ਵਲਾਇਤ ਖਾਂ ਦੇ ਸ਼ਾਗਿਰਦ ਸ੍ਰੀ ਧਰਮਵੀਰ ਦਾ ਸਿਤਾਰ ਵਾਦਨ ੮.੧੫ ਤੋਂ ਸ਼ੁਰੂ ਹੋ ਚੁਕਾ ਸੀ। ਇਸ ਦੇ ਨਾਲ ਇਸਦਾ ਸਕਾ ਚਾਚਾ ਸ੍ਰ. ਅਵਤਾਰ ਸਿੰਘ ਤਬਲੇ ਤੇ ਸੰਗਤ ਕਰਕੇ, ਚਾਚੇ-ਭਤੀਜੇ ਦਾ ਵਧੀਆ ਜੋੜ ਉਪਸਥਿਤ ਕਰ ਰਿਹਾ ਸੀ।

ਧਰਮਵੀਰ ਸਿੰਘ ਨੇ ਬੜੇ ਵਿਸ਼ਵਾਸ਼ ਨਾਲ ਆਲਾਪ, ਵਿਲੰਬਤ, ਦ੍ਰੁਤ ਅਤੇ ਝਾਲਾ ਵਜਾਇਆ ਅਤੇ ਬੜਾ ਸੁੰਦਰ ਸੁਰ ਵਿਕਿਆਸ ਵਖਾਇਆ। ਸਫੈਦ ਚਮਕੀਲੇ ਵਸਤਰ, ਗੋਰਾ ਰੰਗ, ਸੁਨਹਿਰੀ ਚਸ਼ਮਾ ਉਠੱਦੀਆਂ ਮੁੱਛਾਂ ਨਾਲ ਸਜਦੀ ਹਲਕੀ ਦਾੜ੍ਹੀ। ਇਕ ਸੁੰਦਰ ਨਾਮਧਾਰੀ ਦੇ ਦਰਸ਼ਨ। ਸਿੱਧਾ ਤਣ ਕੇ, ਰਤਾ ਰਤਾ ਮੁਸਕਰਾਂਦਿਆਂ ਧਰਮਵੀਰ ਸਿੰਘ ਨੇ ਇਕ ਘੰਟੇ ਤੋਂ ਵੱਧ ਸਿਤਾਰ ਨੂੰ ਵਜਾਇਆ ਅਤੇ ਵਿਚ ਵਿਚ ਚਾਚਾ ਜੀ ਨੂੰ ਸੋਲੋ ਤਬਲਾ ਵਾਦਨ ਦਾ ਸਮਾ ਦੇ ਕੇ ਸ਼ਰੋਤਿਆਂ ਤੋਂ ਬਾਰ ਬਾਰ ਤਾਲੀਆਂ ਦੁਆਰਾ ਸਤਿਕਾਰ ਅਰਜਤ ਕੀਤਾ। ਹਾਜ਼ਰੀ ਤਸੱਲੀ ਬਖਸ਼। ਅੱਛਾ ਪ੍ਰਭਾਵ।

### ਮੋਹਣਾ ਵਾਇਲਨ

੯.੨੦ ਵਜੇ ਰਾਤੀਂ ਦੂਜੀ ਵਾਰ ਪਰਦਾ ਉਠਿਆ ਤਾਂ ਸ੍ਰੀ ਐਮ. ਐਮ. ਗੋਪਾਲ ਕ੍ਰਿਸ਼ਨ ਆਪਣੀ ਪਾਰਟੀ ਨਾਲ ਵਾਇਲਨ ਵਾਦਨ ਵਾਸਤੇ ਆਏ। ਇਹਨਾਂ ਦੇ ਸਫੈਦ ਧੋਤੀ-ਕੁਰਤਾ, ਮੱਥੇ ਤੇ ਸਫੈਦ ਪੱਟੀ ਦਾਰ ਤਿਲਕ। ਸੰਸਾਰ ਪ੍ਰਸਿਧ ਵਾਇਲਨ ਵਾਦਕ ਨੇ ਸਤਿਗੁਰੂ ਜੀ ਨੂੰ ਸਾਸ਼ਟਾਂਗ ਪ੍ਰਣਾਮ ਕੀਤੀ। ਉਸ ਦੇ ਸਹਿਯੋਗੀਆਂ ਨੇ ਵੀ ਗੋਡੇ ਨਿਵਾ-ਨਿਵਾ ਨਮਸਕਾਰਾਂ ਕੀਤੀਆਂ। ਦੱਖਣੀ ਭਾਰਤ ਦਾ ਇਹ ਕਲਾਕਾਰ ਉੱਤਰੀ ਭਾਰਤ ਦੇ ਸ਼ਾਸਤਰੀ ਸੰਗੀਤ ਦੀ ਬਹੁਮੁਲੀ ਪ੍ਰਤੀਨਿਧਤਾ ਕਰਦਾ ਹੈ।

ਛੇ ਜਣਿਆਂ ਦੀ ਪਾਰਟੀ ਮੰਚ ਉਤੇ ਸਜੀ। ਦੋ ਤਾਨ ਪੂਰੇ, ਇਕ ਤਬਲਾ ਅਤੇ ਖੁਦ ਗੋਪਾਲਾ ਕ੍ਰਿਸ਼ਨਨ ਵਾਇਲਨ ਤੇ ਬੜੀ ਭਾਰੀ ਆਵਾਜ਼ ਨਾਲ ਸੁਰਾਂ ਭਰਨ ਲਗੇ।

ਸਤਿਗੁਰੂ ਜੀ, ਕਲਕਤਾ ਵਿਚ ਹੋਏ ਉਸਤਾਦ ਹਾਫਿਜ਼ ਅਲੀ ਖਾਂ ਦੀ ਯਾਦ ਵਿਚ ਸ਼ਾਸ਼ਤਰੀ ਸੰਗੀਤ ਸਮੇਲਨ ਵਿਚ, ਇਸ ਕਲਾਕਾਰ ਦਾ ਵਾਦਨ ਸੁਣ ਕੇ ਮੁਗਧ ਹੋ ਗਏ ਸਨ। ਮਹਾਰਾਜ ਜੀ ਨੇ ਅਸਾਂ ਸਭ ਲਈ ਉਸ ਕਲਾ-ਸੁੰਦਰਤਾ ਨੂੰ ਮਾਣਨ ਦਾ ਮੌਕਾ ਪੈਦਾ ਕਰ ਦਿਤਾ।

ਵਾਦਕ ਨੇ ਪੰਜ ਚਾਰ ਮਿੰਟਾਂ ਵਿਚ ਸੰਕਰੇ ਬਿਹਾਗ ਦੀਆਂ ਸੁਰਾਂ ਵਖਾ ਕੇ ਤਬਲੇ ਦੀ ਸੰਗਤ ਲੈ ਲਈ। ਦੁਬਲਾ



Sri Satguru Jagjit Singh Ji Elibrary NamdhariElibrary@gmail.com

ਜਿਹਾ ਕਲਾਕਾਰ ਮਿੱਠੀ ਮਿੱਠੀ ਮੁਸਕਣੀ ਬਖੇਰਦਾ ਵਾਇਲਨ ਤੇ ਮੋਟੀਆਂ-ਪਤਲੀਆਂ, ਉਚੀਆਂ-ਨੀਵੀਆਂ ਸੁਰਾਂ ਮੀਂਡਦਾ, ਝਕਝੋਰਦਾ ਤੇ ਖਿੱਚਦਾ ਚਲਾ ਜਾਂਦਾ ਹੈ। ਪੰ: ਗੋਪਾਲਾ ਕ੍ਰਿਸ਼ਨਨ ਦੇ ਲੰਮੇ ਪਤਲੇ ਹਥ ਛੋਟਾ ਜਿਹਾ ਵਾਇਲਨ ਇੰਜ ਗੂੰਜਦਾ ਹੈ ਜਿਵੇਂ ਕੋਈ ਨਰ ਸਾਜ਼ ਆਵਾਜ਼ ਵਲੋਂ ਸਾਰੇ ਮਹੌਲ ਤੇ ਛਾ ਗਿਆ ਹੋਵੇ। ਤਬਲਾ ਵਾਦਨ ਸ੍ਰੀ ਲਾਲ ਜੀ ਗੋਖਲੇ ਬੜਾ ਜਮਾਅ ਕੇ ਕਰ ਰਹੇ ਹਨ। ਮਸਤ ਹੋਇਆ ਗੋਪਾਲਾ ਕ੍ਰਿਸ਼ਨਨ ਸੰਗੀਤ ਰੂਪ ਹੋਇਆ ਪਿਆ ਹੈ। ਇਕ ਇਕ ਸੁਰ ਨਾਲ ਏਨੇ ਕਲੋਲ ਕਰਦਾ ਹੈ ਕਿ ਸ਼ਰੋਤੇ ਅੱਸ਼ ਅੱਸ਼ ਕਰ ਉਠੇ ਹਨ।

ਸਤਿਗੁਰੂ ਜੀ ਵਾਇਲਨ ਵਾਦਕ ਦੀ ਸੁਰ ਛੂੰਹਦੀ ਇਕ ਇਕ ਖੂਬੀ ਤੇ ਮੁਗਧ ਹੋਏ ਤਨੋਂ ਮਨੋਂ ਪ੍ਰਸੰਨ ਹਨ। ਲੈਅਕਾਰੀ ਉਸਦੀ ਸਤਿਗੁਰੂ ਜੀ ਵਾਸਤੇ ਡਾਢੀ ਪ੍ਰਭਾਵਕਾਰੀ ਸੀ। ਦੂਰੋਂ ਮੇਰੀ ਨਜ਼ਰ ਨਾਲ ਨਜ਼ਰ ਮਿਲਾਕੇ ਸਤਿਗੁਰੂ ਜੀ ਨੇ ਪੇਟ ਤੇ ਇਸ ਤਰੀਕੇ ਨਾਲ ਹੱਥ ਫੇਰਿਆ ਜਿਵੇਂ ਇਸ਼ਾਰਾ ਹੋਵੇ ਕਿ ਕਲਾਕਾਰ ਮਿੱਠੀਆਂ ਤੇ ਤਿੱਖੀਆਂ ਸੁਰਾਂ ਨਾਲ ਆਂਦਰਾਂ ਕਟ ਕਟ ਧਰੀ ਜਾਂਦਾ ਹੋਵੇ। ਉਹਦੀ ਕਾਰਕਰਦਗੀ ਸਾਰਿਆਂ ਲਈ ਹੀ ਜਾਦੂ ਭਰੀ ਸੀ।

੧੦.੧੦ ਤੇ ਸੰਕਰਾ ਖ਼ਤਮ ਹੋ ਗਿਆ ਹੈ। ਪੀਲੂ ਵਿਚ ਠੁਮਰੀ ਦੀ ਸਿਫਾਰਸ਼ ਰੂਪਮਾਨ ਹੋਣ ਲਗੀ ਹੈ। ਵਾਇਲਨ ਚੋਂ ਉਠਦੀਆਂ ਪਹਿਲੀਆਂ ਹੀ ਨਖਰੇਦਾਰ ਸੁਰਾਂ ਨੇ ਤਾਲੀਆਂ ਦੀ ਭਰਮਾਰ ਲੈ ਲਈ ਹੈ। ਹਾਲ ਸਰੋਤਿਆਂ ਨਾਲ ਭਰ-ਪੂਰ ਹੈ। ਕਰੀਬ ੧੨੦੦ ਆਦਮੀ ਇਸਤਰੀਆਂ ਸਾਜ਼ਿੰਦੇ ਦੀਆਂ ਸੁਰਾਂ ਨਾਲ ਉਠਦੇ ਬਹਿੰਦੇ ਤੇ ਘਾਇਲ ਹੁੰਦੇ ਚਲੇ ਜਾ ਰਹੇ ਹਨ। ਪੀਲੂ ਦੇ ਵਧ ਤੋਂ ਵਧ ਦਰਦੀਲੇ ਤੀਰ ਖਾਂਦੇ, 'ਆਹਾ!' 'ਕਿਆ ਬਾਤ ਹੈ!'' 'ਓਇ ਮਾਰ ਘੱਤਿਆ' ਕਹਿੰਦੇ ਤਨ-ਮਨ ਲੁਟਾਈ ਚਲੇ ਜਾ ਰਹੇ ਹਨ।

੧੦-੨੫ ਤੇ ਪੀਲੂ ਨੂੰ ਛੁਟੀ ਮਿਲ ਗਈ। ਗੋਪਾਲਾ ਕ੍ਰਿਸ਼ਨਨ ਨੇ ਅੰਗਰੇਜ਼ੀ ਵਿਚ ਆਪ ਹੀ ਅਨਾਉਂਸ ਕਰ ਦਿਤਾ, ਹੁਣ ਪੂਰੀਆ ਕਲਿਆਣ ਦਾ ਆਲਾਪ, ਜੋੜ, ਝਾਲਾ ਆਦਿ ਵਜਾਵਾਂਗਾ, ੧੧.੧੫ ਵਜੇ ਰਾਤੀਂ ਪੰ: ਗੋਪਾਲਾ ਕ੍ਰਿਸ਼ਨਨ ਜੀ ਨੇ ਵਾਇਲਨ ਠੱਪ ਦਿਤਾ।

## ਸਭਾਗਾਰ ਵਿਚ ਐਕਟਰ

੧੦ ਮਿੰਟ ਦੇ ਇੰਟਰਵਲ ਵਿਚ ਸ੍ਰੀ ਜਗਦੀਸ਼ ਸਿੰਘ 'ਵਰਿਆਮ' ਨੇ ਸ੍ਰੀ ਸਤਿਗੁਰੂ ਜੀ ਨੂੰ ਬੰਬਈ ਦੇ ਇਕ ਐਕਟਰ ਸ੍ਰੀ ਮਨਮੋਹਣ ਕ੍ਰਿਸ਼ਨ ਤੋਂ ਜਾਣੂ ਕਰਵਾਇਆ ਅਤੇ ਹੋਰ ਸਜਣਾਂ ਸਮੇਤ ਫੋਟੋ ਖਿਚਵਾਈ। ਸਤਪਾਲ ਸਨੇਹੀ ਕੈਮਰਾ ਲੈਕੇ ਏਧਰ ਓਧਰ ਘੁੰਮਦਾ ਲੋਕਾਂ ਦੇ ਸੁਹਾਵਣੇ ਪਲ ਚੁਰਾਂਦਾ ਰਹਿੰਦਾ ਹੈ ਤਾਕਿ ਉਹਨਾਂ ਪਲਾਂ ਨੂੰ ਆਪਣੀ ਮੁੱਠੀ ਵਿਚ ਬੰਦ ਰੱਖ ਸਕੇ।

੧੧.੩੦ ਵਜੇ ਪੰਡਿਤ ਜਸ ਰਾਜ ਜੀ ਸਾਡੀ ਸਭਾ ਦਾ ਸ਼ਿੰਗਾਰ ਬਣਨ ਲਈ ਸਟੇਜ ਤੇ ਆਏ, ਸਤਿਗੁਰੂ ਜੀ ਨੇ ਪਿਛਲੇ ਦਿਨਾਂ ਵਿਚ ਵੀ ਕਲਾਕਾਰਾਂ ਨੂੰ ਮੰਚ ਤੇ ਬੈਠਣ ਤੋਂ ਪਹਿਲਾਂ ਹਸਤ ਕੰਵਲਾਂ ਨਾਲ ਤਾਜ਼ੇ ਫੁਲਾਂ ਦੇ ਹਾਰ ਪਹਿਨਾਅ ਕੇ ਮਾਣ ਬਖਸ਼ਿਆ ਹੈ, ਅਜ ਵੀ ਇੰਜ ਹੀ ਕੀਤਾ ਗਿਆ ਹੈ।

ਪੰਡਿਤ ਜੀ ਦੇ ਗਾਇਨ ਸਮੇਂ ਮੰਚ ਉਪਰ ਖੱਬੇ ਪਾਸੇ ਕੇਵਲ ਸਤਿਗੁਰੂ ਜੀ, ਮਹਾਰਾਜ ਜੀ ਅਤੇ ਇਕ ਸੇਵਕ ਰਹਿ ਗਿਆ ਹੈ। ਸਰੋਤੇ ਪੰ: ਜਸਰਾਜ ਤੋਂ ਪਹਿਲਾਂ ਹੀ ਡਾਢੇ ਪ੍ਰਭਾਵਤ ਲਗਦੇ ਹਨ। ਪੰ: ਜੀ ਨੇ ਬਾਗੇਸ਼ਵਰੀ ਨੂੰ ਗਾਇਕੀ ਦਾ ਆਧਾਰ ਬਣਾਇਆ ਹੈ। ਸੁਰ ਮੰਡਲ ਛੇੜਦਿਆਂ ਹੀ ਸ਼ੜਜ ਨੂੰ ਇੰਜ ਪਕੜਿਆ ਹੈ ਕਿ ਬਾਗੇਸ਼ਵਰੀ ਮੂਰਤੀਮਾਨ ਹੋ ਉਠੀ।

ਪੰਡਿਤ ਜੀ ਦੇ ਸਾਥੀ ਹਨ ਇਕ ਪੇਟੀ ਮਾਸਟਰ, ਇਕ ਤਬਲਾਨਿਵਾਜ਼, ਦੋ ਤਾਨਪੂਰੇ ਛੇੜਨ ਵਾਲੇ।

ਆਲਾਪ ਕਰਦਿਆਂ ਅੱਧਾ ਘੰਟਾ ਹੋ ਗਿਆ ਹੈ। ਅਜੇ ਟੀਪ ਦੇ ਸਾ ਦੀ ਵਾਰੀ ਨਹੀਂ ਆਈ। ਸੁਰ, ਸ਼ਰੁਤੀਆਂ ਵਖਾਂਦੇ ਚਲੇ ਜਾ ਰਹੇ ਹਨ ਜਸ ਰਾਜ ਜੀ।

ਮੈਂ ਪੰਡਿਤ ਜੀ ਦੀ ਆਵਾਜ਼ ਵਿਚ ਗੁਆਚਾ ਹੋਇਆ ਸਾਂ ਕਿ ਇਕ ਰੁੱਕਾ ਹਥੋ ਹਥੀ ਮੇਰੇ ਤਕ ਪਹੁੰਚ ਗਿਆ। ਸ੍ਰੀ ਸਤਿਗੁਰੂ ਜੀ ਦੇ ਅੱਖਰ ਸਨ : ਕੱਲ ਮੇਰੇ ਕਮਰਾ ਨੰ: ੩੬੧ ਤਾਜ ਵਿਚ, ੨ ਵਜੇ ਉ: ਅਮਜਦ ਜੀ ਔਣਗੇ। ਗੁਰਦੇਵ, ਹਰਭਜਨ, ਕਾਕਾ ਛੋਟਾ (ਸਤਿਗੁਰੂ ਜੀ ਠਾਕਰ ਉਦੇ ਸਿੰਘ ਜੀ ਨੂੰ ਇੰਜ ਹੀ ਯਾਦ ਕਰਦੇ ਹਨ), ਕਵੀ ਜੀ ਤੁਸੀਂ ਜ਼ਰੂਰ ਆਓ।

ਏਸੇ ਰੁੱਕੇ ਦੇ ਦੂਜੇ ਪਾਸੇ ਜਗਦੀਸ਼ ਸਿੰਘ 'ਵਰਿਆਮ' ਲਈ ਲਿਖਿਆ ਹੋਇਆ ਸੀ : ਪੰਡਤ ਬਸੰਤ ਰਾਵ ਜੀ ਜੋ ਏਥੇ ਛੋਟੇ ਬੱਚਿਆਂ ਨੂੰ ਸਿਖਾਂਦੇ ਤੇ ਪ੍ਰੋਗਰਾਮ ਕਰਾਂਦੇ ਨੇ, ਉਹ ਮਿਲੇ ਹਨ ਕਿ ਨਹੀਂ, ਪਤਾ ਕਰਨਾ ਹੈ। ਕੱਲ ਜ਼ਰੂਰ ਸਾਡੇ ਛੋਟੇ ਬੱਚਿਆਂ ਨੂੰ ਸੁਣਨ।

ਇਹਨਾਂ ਅਨੁਸਾਰ ਅਮਲ ਤਾਂ ਹੋਣਾ ਹੀ ਸੀ।

ਜਸਰਾਜ ਜੀ ਨੇ ਪਹਿਲਾਂ ਇਕ ਬੰਦਸ਼ ਵਿਲੰਬਤ ਲੈਅ ਵਿਚ ਗਉਂ ਕੇ, ਫਿਰ ਦਰੁਤ ਸੁਣਾਈ। ਮਿੱਠੀਆਂ ਤੇ ਭਿੱਜੀਆਂ ਸੁਰਾਂ, ਚਪਲ ਸਰਗਮਾਂ ਸੁਹਣੇ ਦਰਸ਼ਨ, ਹੱਥਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਬਾਰ ਬਾਰ ਮਰੋੜੇ ਜਿਵੇਂ ਇਨ੍ਹਾਂ ਚੋਂ ਸੁਰਾਂ ਦੇ ਪ੍ਰਭਾਵ ਉਠ ਰਹੇ ਹੋਣ।

ਅਗਲੇ ਦਿਨ ਦੇ ਆਰੰਭ, ਅਰਥਾਤ ਰਾਤੀਂ ੧੨.੨੦ ਤੇ, ਪੰਡਿਤ ਜੀ ਨੇ ਸਮਾਪਤੀ ਕਰ ਦਿਤੀ ਹੈ, ਜਿਵੇਂ ਅਸੀਂ ਕਿਸੇ ਹੋਰ ਦੁਨੀਆਂ ਵਿਚੋਂ ਧਰਤੀ ਤੇ ਪਟਕੇ ਗਏ ਹਾਂ।

ਦੋ ਮਿੰਟ ਦੇ ਅੰਦਰ ਅੰਦਰ ਹੀ ਮਹਾਰਾਜ ਬੀਰ ਸਿਘ ਜੀ ਸ੍ਰੀ ਸਤਿਗੁਰੂ ਜੀ ਪਾਸੋਂ ਉਠਕੇ ਪੰਡਿਤ ਜਸਰਾਜ ਜੀ ਵਲ ਵਧੇ। ਕੰਨ ਵਿਚ ਕੁਛ ਕਿਹਾ। ਪੰਡਿਤ ਜੀ ਨੇ ਆਪਣੇ ਸਾਥੀਆਂ ਨੂੰ ਕਿਹਾ : ਪੰਦਰਾਂ ਮਿੰਟ ਹੋਰ। ਮੱਥੇ ਅਤੇ ਅੱਖਾਂ ਨੂੰ ਤਣਾਓ ਦੀ ਸਥਿਤੀ ਵਿਚ ਕਰਕੇ ਸਪੱਸ਼ਟ ਕੀਤਾ ਜਿਵੇਂ ਥਕ ਗਏ ਹੋਣ।

ਪਰ ਫਿਰ, ਰਾਗ ਦੇਸ਼ ਦੀ ਇਕ ਬੰਦਸ਼ ਸ਼ੁਰੂ ਹੋ ਗਈ :

ਗਲ ਭੁਜੰਗ, ਭਸਮ ਅੰਗ ਸ਼ੰਕਰ ਅਨੁਰਾਗੀ।
ਸਤਿਗੁਰ ਚਰਨਾਰਬਿੰਦ ਸ਼ਿਵ ਸਮਾਧ ਲਾਗੀ।
ਤੀਨ ਨੈਨ ਅਮ੍ਰਿਤ ਝਰੇ ਗਲੇ ਰੁੰਡ ਮਾਲਾ।
ਰਹਿਤ ਮਗਨ ਫਿਰਤ ਮਦਨ ਸੰਗ ਗੋਰੀ ਲਾਗੀ।
ਅਪਨੇ ਪਤਿ ਕੋ ਨਿਰਖ ਨਿਰਖ ਪਾਰਵਤੀ ਜਾਗੀ।
ਔਰਨ ਕੋ ਆਸ਼ਿਸ਼ ਦੇਤ ਆਪ ਫਿਰਤ ਤਿਆਗੀ।

ਦੇਸ ਕੀ ਗੰਵਿਆਂ ਲੋਕਾਂ ਦੇ ਹਿਰਦਿਆਂ ਵਿਚ ਭਗਤੀ ਦੀ ਗੰਗਾ ਉਤਾਰ ਦਿਤੀ। ਸਰੋਤੇ ਮੂਰਤੀਆਂ ਬਣੇ, ਸੰਗੀਤ-ਕਾਰ ਦੀਆਂ ਸੁਰਾਂ ਨਾਲ ਜਿਉਂਦੇ ਮਰਦੇ ਰਹੇ। ਦੇਸ ਦੀਆਂ ਸੁਰਾਂ ਸ਼ਾਂਤ ਹੋਈਆਂ ਤਾਂ ਸਰੋਤਿਆਂ ਨੇ 'ਭੈਰਵੀ' 'ਭੈਰਵੀ' ਆਖਕੇ ਥੱਕੇ ਹੋਏ ਕਲਾਕਾਰ ਨੂੰ ਜਿਵੇਂ ਨਵੀਂ ਜਿੰਦ ਪਾ ਦਿਤੀ। ਭਗਵਾਨ ਵੀ ਤਾਂ ਅਪਣੀ ਉਸਤਤੀ ਤੇ ਰੀਝਦਾ ਹੈ ਜਸਰਾਜ ਜੀ ਭਲਾ ਅਜਿਹੇ ਗੁਣੀ ਸਰੋਤਿਆਂ ਦੀ ਮੰਗ ਕਿਵੇਂ ਨ ਪੂਰੀ ਕਰਦੇ।

'ਨਿਰੰਜਣੀ ਨਾਰਾਇਣੀ' ਭੈਰਵੀ ਵਿਚ ਆਰੰਭ ਹੋ ਗਈ। ਜ਼ਮੀਨ ਆਸਮਾਨ ਦੀਆਂ ਸੁਰਾਂ ਭੈਰਵੀ ਵਿਚ ਸਮੋਕੇ ੧.੧੫ ਤਕ ਨਿਰੰਜਣੀ-ਨਰਾਇਣੀ ਦਾ ਜਾਪ ਕੀਤਾ। ਲੋਕਾਂ ਦਾ ਜੀ ਨਹੀਂ ਸੀ ਕਰਦਾ ਜਸਰਾਜ ਦੀਆਂ ਸੁਰਾਂ ਦੀ ਇਤ੍ਰੀ ਹੋਵੇ ਪਰ ਪੰਡਿਤ ਜੀ ਮਸ਼ੀਨ ਤਾਂ ਸਨ ਨਹੀਂ।

ਪ੍ਰਸਥਾਨ ਸਮੇਂ, ਪਰਦੇ ਪਿਛੇ ਖਲੋਤੇ ਸਤਿਗੁਰੂ ਜੀ ਨੇ ਆਕੇ ਪੰਡਿਤ ਜਸਰਾਜ ਜੀ ਨੂੰ ਉਤਮ ਗਾਇਕੀ ਲਈ ਸਲਾਹਿਆ। "ਆਪ ਦੀ ਕ੍ਰਿਪਾ ਹੈ" ਕਹਿਕੇ ਪੰਡਿਤ ਜੀ ਨੇ ਨਮਸਕਾਰ ਕੀਤੀ ਅਤੇ ਕਲਾਕਾਰ ਇਸਤਰੀ ਪ੍ਰਸ਼ੰਸਕਾਂ ਦੇ ਇਕ ਤਕੜੇ ਝੁੰਡ ਵਿਚ ਗੁਆਚ ਗਿਆ।

**ਪ੍ਰਸ਼ੰਸਕ**

ਸੰਤੂਰ ਸਮਰਾਟ ਸ਼ਿਵ ਕੁਮਾਰ ਜੀ ਦੀ ਪਤਨੀ ਨੇ ਅਜ ਦੇ ਪ੍ਰੋਗਰਾਮ ਦੀ ਪ੍ਰਸੰਸਾ ਕਰਦਿਆਂ ਸ੍ਰੀ ਸਤਿਗੁਰੂ ਜੀ ਨੂੰ ਆ ਨਮਸਕਾਰ ਕੀਤੀ ਤੇ ਮਨੋ ਕਾਮਨਾ ਦਸੀ : ਮੈਂ ਵੀ ਕਦੇ ਸ਼ਿਵ ਜੀ ਨਾਲ ਆਪ ਜੀ ਦੇ ਭੈਣੀ ਸਾਹਿਬ ਆਉਣਾ ਚਾਹੁੰਦੀ ਹਾਂ।

"ਸਾਰੇ ਬਾਲ ਬੱਚੇ ਸਮੇਤ ਆਇਓ!" ਉੱਤਰ ਸੀ।

ਮੰਚ ਤੇ ਇੰਜ ਹੀ ਖਲੋਤਿਆਂ ਪਲਾਸਟਿਕ ਦੇ ਕਾਰੋ-ਬਾਰੀ ਤੇ ਸੰਗੀਤ ਰਸੀਏ ਸ੍ਰੀ ਮਧੂਕਾਂਤ ਮਹਿਤਾ ਹਾਜ਼ਰ ਹੋਏ। ਸਾਦਰ ਸਿਰ ਝੁਕਾ ਕੇ ਸਤਿਗੁਰੂ ਜੀ ਨੂੰ ਅਰਜ਼ ਕੀਤਾ : ਮੈਂ ੨੫ ਬਰਸਾਂ ਤੋਂ ਸੰਗੀਤ ਦੇ ਸਾਰੇ ਪ੍ਰੋਗਰਾਮ ਬੰਬਈ ਵਿਚ ਸੁਣਦਾ ਆ ਰਿਹਾ ਹਾਂ, ਪਰ ਜਿੰਨਾ ਉਪਕਾਰ ਆਪ ਨੇ ਸੰਗੀਤ ਪ੍ਰੇਮੀਆਂ ਲਈ ਕੀਤਾ ਹੈ, ਏਨਾ ਇਸ ਤੋਂ ਪਹਿਲਾਂ ਕਦੇ ਨਹੀਂ ਹੋਇਆ। ਇਥੇ ਜਿੰਨੇ ਵੀ ਸ਼ਾਸਤਰੀ ਸੰਗੀਤ ਸਮਾਗਮ ਹੁੰਦੇ ਹਨ ਇਹਨਾਂ ਦੀਆਂ ਵਡੀ ਕੀਮਤ ਦੀਆਂ ਟਿਕਟਾਂ ਉਹੋ ਖਰੀਦਦੇ ਹਨ ਜੋ ਹਾਲ ਵਿਚ ਆ, ਮੂਹਰਲੀਆਂ ਸੀਟਾਂ ਤੇ ਬੈਠ ਕਲਾਕਾਰਾਂ ਸਾਹਮਣੇ ਨੀਂਦ ਦੇ ਝੂਟੇ ਲੈਂਦੇ ਹਨ। ਆਪ ਦੇ ਇਸ ਵਿਦਾਉਟ ਟਿਕਟ ਪ੍ਰੋਗਰਾਮ ਵਿਚ ਜਿੰਨੇ ਵੀ ਲੋਕ ਆਏ, ਉਤਸ਼ਾਹ ਤੇ ਸਮਝ ਨਾਲ ਲੈ ਕੇ ਆਏ ਹਨ। ਆਪ ਜੀ ਨੇ ਬੰਬਈ ਤੇ ਬੜੀ ਕ੍ਰਿਪਾ ਕੀਤੀ ਹੈ।

ਇੰਜ ਹੀ ਹੋਰ ਅਨੇਕਾਂ ਸੱਜਣ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮ੍ਰਤੀ ਵਿਚ ਕੀਤੇ ਗਏ ਇਸ ਪੰਜਵੇਂ ਸ਼ਸਤਰੀ ਸੰਗੀਤ ਸੰਮੇਲਨ ਦੀ ਸ੍ਰੀ ਸਤਿਗੁਰੂ ਜੀ ਨੂੰ ਮਿਲ ਮਿਲ ਪ੍ਰਸ਼ੰਸਾ ਕਰਦੇ ਅਤੇ ਮਨ ਦਾ ਸਤਿਕਾਰ ਭੇਟ ਕਰਦੇ ਰਹੇ।

੧.੪੦ ਵਜੇ ਸ੍ਰੀ ਸਤਿਗੁਰੂ ਜੀ, ਠਾਕਰ ਉਦੇ ਸਿੰਘ ਜੀ ਅਤੇ ਸੇਵਕ ਮਹਿੰਦਰ ਸਿੰਘ ਪੂਰਬਾ ਨੂੰ ਨਾਲ ਲੈ ਕੇ ਤਾਜ ਮਹਲ ਨੂੰ ਕਾਰ ਦੁਆਰਾ ਪਧਾਰ ਗਏ।

**੭ ਅਪਰੈਲ, ੧੯੭੮ ਸ਼ੁਕਰਵਾਰ**
**ਬੰਬਈ**

ਸਵੇਰੇ ਸਵੇਰੇ 'ਸਪੂਤਨਿਕ' ਨੂੰ ਤਿਆਗ ਮੈਂ ਸਾਗਰ ਕੰਢੇ ਚਲਾ ਗਿਆ। ਪਾਣੀ ਦੀਆਂ ਛੱਲਾਂ ਦਾ ਸੰਗੀਤ। ਪ੍ਰਕਾਸ਼ ਦੇ ਫੈਲਾਓ ਨਾਲ ਸਮੁੰਦਰ ਦੀ ਅਪਾਰ ਜਲ ਰਾਸ਼ੀ ਦਾ ਦੂਰ ਦਿਸਹੱਦੇ ਤਕ ਪਸਰਦੇ ਜਾਣਾ, ਅਤੇ ਪ੍ਰਭਾਤ ਵੇਲੇ ਦੀ ਸਮੁਚੀ ਤਾਜ਼ਗੀ ਦਾ ਆਨੰਦ ਮਾਣ ਕੇ ਮੁੜ 'ਸਪੂਤਨਿਕ' ਵਿਚ ਆ ਵੜਿਆ। ਏਨੀ ਕੁ ਬਾਹਰ ਫੇਰੀ ਇੰਜ ਹੀ



Sri Satguru Jagjit Singh Ji Elibrary NamdhariElibrary@gmail.com

ਲਗਦੀ ਸੀ ਜਿਵੇਂ ਯੂਰੀ ਗਗਾਰਿਨ ਸੱਚਮੁਚ ਦੇ ਸਪੂਤਨਿਕ ਵਿਚੋਂ ਨਿਕਲ ਵਿਓਮ ਵਿਚ ਘੁਮ ਘੁਮਾ ਆਪਣੇ ਆਲ੍ਹਣੇ ਵਿਚ ਆ ਵੜਿਆ ਹੋਵੇ।

੧੦ ਵਜੇ ਸ੍ਰੀ ਸਤਿਗੁਰੂ ਜੀ ਵਲੋਂ ਤਾਜ ਹੋਟਲ ਤੋਂ ਹੀ ਫੋਨ ਆਇਆ। ਗੁਰਦੇਵ ਸਿੰਘ ਤੋਂ ਅੱਜ ਦੇ ਸਮਾਰੋਹ ਦਾ ਵੇਰਵਾ ਪੁਛਿਆ ਗਿਆ ਸੀ।

੧੦.੨੦ ਵਜੇ ਅਸੀਂ ਬ੍ਰਿਜ "ਕੁਟੀਰ" ਪਹੁੰਚੇ। ਮਹਾਰਾਜ ਜੀ ਪ੍ਰਸ਼ਾਦ ਛਕ ਰਹੇ ਸਨ। ੧੦ ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਵੀ ਇਥੇ ਪਹੁੰਚ ਗਏ। ਆਪ ਨੇ ਇਸ਼ਨਾਨ ਕਰ ਕੇ ਪ੍ਰਸ਼ਾਦ ਛਕਣਾ ਸੀ। ਅਤੇ ਫਿਰ ਕੁਛ ਸਮੇਂ ਲਈ ਆਰਾਮ ਫਰਮਾਣਾ। ਅਤੇ ਅਸੀਂ ਇਸ ਰੁਝੇਵੇਂ ਨੂੰ ਵੇਖ ਕੇ ਬੰਬਈ ਹਸਪਤਾਲ ਪਹੁੰਚ ਗਏ। ਏਥੇ ਠਾਕਰ ਸ਼ਮਸ਼ੇਰ ਸਿੰਘ ਜੀ ਗੁਰਦੇਵ ਪਤਨੀ ਨੂੰ ਇਕ ਲੇਡੀ ਡਾਕਟਰ ਨੂੰ ਵਖਾਉਣ ਵਾਸਤੇ ਸਿਫਾਰਸ਼ੀ ਆਏ ਸਨ।

ਸਪੂਤਨਿਕ ਦੀ ਚਾਬੀ ਹਰਭਜਨ ਸਿੰਘ ਕੋਲ ਹੋਣ ਕਰ ਕੇ ਮੈਂ ਤੇ ਗੁਰਦੇਵ ਸਿੰਘ ਸ੍ਰੀ ਚੰਦਾ ਜੀ ਦੇ ਘਰ ਕਰਮਾਈਕਲ ਰੋਡ ਤੇ ਪਹੁੰਚ ਗਏ। ਅਗੇ ਉਸਤਾਦ ਅਮਜਦ ਅਲੀ ਖਾਂ ਏਥੇ ਬੈਠੇ ਹੋਏ ਸਨ। ਮੁਕੁਲ ਸ਼ਿਵਪੁਤਰਾ ਤੇ ਘਰ ਵਾਲੇ ਵੀ ਨਾਲੋਂ ਨਾਲ ਬੈਠੇ ਦੁਪਹਿਰ ਦੀ ਰੋਟੀ ਖਾ ਰਹੇ ਸਨ। ਅਸਾਂ ਦੋ ਵਜੇ ਤਕ ਸ੍ਰੀ ਸਤਿਗੁਰੂ ਜੀ ਪਾਸ ਪਹੁੰਚਣਾ ਸੀ। ਸਾਡੀ ਸ੍ਰੀ ਚੰਦਾ ਨੇ ਸਹਾਇਤਾ ਕੀਤੀ ਤੇ ਸਾਨੂੰ ਐਨ ਟਾਈਮ ਸਿਰ ਤਾਜ ਮਹਲ ਵਿਚ ਜਾ ਉਤਾਰਿਆ।

## ਹੋਟਲ ਤਾਜ ਮਹਲ ਵਿਚ

੩੨੧, ਐਲੀਫੈਂਟਾ ਸੂਟ ਦੇ ਪਿੰਕ ਸ਼ੇਡ ਦੇ ਵਡੇ ਦਰਬਾਰੀ ਕਮਰੇ ਵਿਚ ਹਲਕੇ ਰੰਗ ਦੇ ਫਰਸ਼ ਤੇ ਪੈਰ ਰਖਦਿਆਂ ਹੀ, ਅੰਦਰ, ਇਕ ਤਕੜਾ ਨਾਮਧਾਰੀ ਗਰੁਪ ਬੈਠਾ ਦਿਸਿਆ। ਕਈ ਸਰੀਰ ਬੰਬਈ ਦੇ, ਕੁਝ ਲਖਨਊ ਤੋਂ ਅਤੇ ਕੁਝ ਦਿੱਲੀਓਂ ਆਏ ਸੱਜਣ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇੰਤਜ਼ਾਰ ਵਿਚ ਸਨ। ਮਾਤਾ ਜੀ, ਬੇਬੇ ਜੀ, ਬੀਬਾ ਜੀ ਅਤੇ ਬੀਬੀ ਨਰਿੰਦਰ ਵੀ ਏਥੇ ਹੀ ਪਹੁੰਚੀਆਂ ਹੋਈਆਂ ਸਨ।

ਗੁਰਦੇਵ ਸਿੰਘ ਅਤੇ ਖਾਂ ਸਾਹਿਬ ਹੋਟਲ ਵਿਚ ਹੀ ਜ਼ਰਾ ਪਿਛੇ ਰਹਿ ਗਏ ਸਨ, ਮੈਂ ਅਤੇ ਸ੍ਰੀ ਜਗਦੀਸ਼ ਸਿੰਘ ਵਰਿਆਮ ਸ੍ਰੀ ਸਤਿਗੁਰੂ ਜੀ ਵਾਲੇ ਕਮਰੇ ਵਿਚ ਹੀ ਜਾ ਦਾਖਲ ਹੋਏ। ਸੱਚੇ ਪਾਤਸ਼ਾਹ ਸੌਣ-ਕਮਰਿਓਂ ਬਾਹਰ ਆਏ ਤੇ ਸਾਨੂੰ ਨਾਲ ਲਿਜਾ ਕੇ ਇਸ ਕਮਰੇ ਨਾਲ ਟੱਟੀ-ਗੁਸਲਖਾਨਾ ਆਦਿ ਦੀ ਤਜਵੀਜ਼ ਵਿਖਾਈ ਅਤੇ ਨਾਲ ਹੀ 'ਵਡੇ ਆਦਮੀਆਂ' ਦੀ ਮੁਸ਼ਕਲ ਅਤੇ ਜ਼ਰੂਰਤ ਦਾ ਪਤਾ ਵੀ ਦੇ ਦਿਤਾ। ਉਚੀ ਯੂਰਪੀਨ ਸਟਾਈਲ ਦੀ ਸੀਟ ਦੇ ਨਾਲ ਹੀ ਦੀਵਾਰ ਉਤੇ ਫੋਨ ਟੰਗਿਆ ਵਖਾਇਆ। ਹੱਸ ਕੇ ਕਹਿਣ ਲਗੇ: ਬੈੱਡ ਰੂਮ ਦੇ ਸਰਹਾਣੇ ਫੋਨ, ਟੱਟੀ ਕੋਲ ਫੋਨ, ਬਾਹਰਲੇ ਕਮਰੇ ਵਿਚ ਫੋਨ। ਗੱਲ ਕੀ ਵੱਡੇ ਆਦਮੀਆਂ ਦੇ ਅਗੇ ਪਿਛੇ ਫੋਨ ਹੀ ਫੋਨ ਹੋਣ ਤਾਂ ਉਹ ਵੱਡੇ ਬੰਦੇ ਬਣਦੇ ਹਨ ਜਾਂ ਕਹੋ ਕਿ ਉਹਨਾਂ ਦੀਆਂ ਲੋੜਾਂ ਹੀ ਏਨੀਆਂ ਹੋ ਜਾਂਦੀਆਂ ਹਨ। ਇਸ ਦਾ ਇਹ ਵੀ ਅਰਥ ਹੈ ਕਿ ਉਹ ਆਪਣੇ ਮਿੰਟ ਮਿੰਟ ਦੀ ਸਹੀ ਵਰਤੋਂ ਕਰਦੇ ਹਨ, ਤੇ ਇਹ ਵੀ ਸਮਝਿਆ ਜਾ ਸਕਦਾ ਹੈ ਕਿ ਜਦੋਂ ਕਿਸੇ ਕਰਨੀ ਕਰਤੂਤ ਤੋਂ ਸਰਕਾਰੀ ਜਾਲ ਵਿਚ ਫਸਣ ਦਾ ਡਰ ਹੋਵੇ ਤਾਂ ਮਦਦਗਾਰਾਂ ਦਾ ਫੋਨ ਨੱਸਣ ਵਿਚ ਵੀ ਮਦਦ ਕਰ ਸਕਦਾ ਹੈ। ਕਿਆ ਬੇ-ਚੈਨ ਜ਼ਿੰਦਗੀ ਹੈ।

ਥੋੜ੍ਹੇ ਚਿਰ ਮਗਰੋਂ ਮਹਾਰਾਜਾ ਬੀਰ ਸਿੰਘ ਜੀ ਆ ਗਏ। ਤਾਜ ਦੇ ਸਫੈਦ ਫੋਨਾਂ ਦਾ ਦਰਬਾਰ ਹਾਲ ਵਿਚ, ਦੋਹਾਂ ਬੈੱਡਾਂ ਵਿਚਾਲੇ ਤੇ ਟੱਟੀ ਵਿਚ ਵੀ ਹੋਣਾ ਵਖਾ ਕੇ ਸਤਿਗੁਰੂ ਜੀ ਨੇ ਇਸ ਵਡੱਪਣ ਦੀ ਫੇਰ ਚੁਟਕੀ ਲਈ।

ਅਜੇ ੫-੭ ਮਿੰਟ ਹੀ ਮਹਾਰਾਜ ਜੀ ਨੂੰ ਆਇਆਂ ਹੋਏ ਸਨ ਕਿ ਉਸਤਾਦ ਅਮਜਦ ਅਲੀ ਖਾਂ ਵੀ ਆ ਪਹੁੰਚੇ! ਸਤਿਗੁਰੂ ਜੀ ਨੇ ਉਹਨਾਂ ਨੂੰ ਸੋਫੇ ਤੇ ਕੋਲ ਬੈਠਾ ਲਿਆ। ਖੱਬੇ ਹੱਥ ਮਹਾਰਾਜ ਜੀ ਬੈਠ ਗਏ। ਅਤੇ ਬੀਤੇ ਦਿਨਾਂ ਅਤੇ ਬਾਕੀ ਦਿਨਾਂ ਦੇ ਪ੍ਰੋਗਰਾਮਾਂ ਬਾਰੇ ਵਿਚਾਰ ਚਰਚਾ ਹੋਈ। ਥੋੜ੍ਹੇ ਸਮੇਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦਾ ਵਾਈਸ ਪ੍ਰੈਜ਼ੀਡੈਂਟ ਸ੍ਰ. ਸੁਲਖਣ ਸਿੰਘ ਨਾਮਧਾਰੀ ਵੇਸ਼-ਭੂਸ਼ਾ ਵਿਚ ਆ ਹਾਜ਼ਰ ਹੋਇਆ। ਸਤਿਗੁਰੂ ਜੀ ਨੇ ਆਪ ਖਾਂ ਸਾਹਿਬ ਨਾਲ ਉਸ ਦਾ ਤੁਆਰਫ ਕਰਵਾਇਆ।

## ਅਧੂਰੀ ਜਗਿਆਸਾ

ਬੀਬੀ ਡੌਲੀ ਸੁਪਤਨੀ ਸ੍ਰ. ਅਮਰਜੀਤ ਸਿੰਘ ਸੋਲਜ਼ ਏਜੰਟ ਜੈਮ ਪ੍ਰੋਡਕਟਸ ਨਾਰਥ ਜ਼ੋਨ, ਫੋਨ ਤੇ ਸਮਾਂ ਲੈ ਕੇ, ਦਰਸ਼ਨ ਕਰਨ ਆਈ। ਬੀਬੀ ਪੰਜਾਬਣ ਅਤੇ ਸ਼ਾਸਤਰੀ ਸੰਗੀਤ ਨੂੰ ਸਮਝਣ ਵਾਲੀ ਹੈ। ਇਸ ਨੇ ਬੰਬਈ ਸ਼ਾਸਤਰੀ ਸੰਗੀਤ ਸਮੇਲਨ ਵਿਚ ਨਾਮਧਾਰੀ ਬੱਚਿਆਂ ਦੇ ਗਾਇਨ ਵਾਦਨ ਦੀ ਬੜੀ ਸ਼ਲਾਘਾ ਕੀਤੀ ਤੇ ਕਾਮਨਾ ਕੀਤੀ ਕਿ



Sri Satguru Jagjit Singh Ji Elibrary NamdhariElibrary@gmail.com

ਉਹਦੇ ਦੋਵੇਂ ਬੱਚੇ ਵੀ ਜੇ ਸੰਗੀਤ ਸਿਖ ਸਕਣ। ਨਾਮਧਾਰੀਆਂ ਬਾਰੇ ਹੋਰ ਵੀ, ਸਤਿਗੁਰੂ ਜੀ ਤੋਂ ਉਸਨੇ ਸਿੱਧੀ ਜਾਣਕਾਰੀ ਲਈ। ਸਤਿਗੁਰੂ ਜੀ ਨੇ ਬੜੇ ਧੀਰਜ ਨਾਲ ਨਾਮਧਾਰੀਆਂ ਬਾਰੇ ਦਸਿਆ। ਬੀਬੀ ਨੇ ਨੀਲੀ ਸਾੜ੍ਹੀ ਪਹਿਨੀ ਹੋਈ ਸੀ। ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਦੱਸਿਆ : ਨਾਮਧਾਰੀ ਨੀਲਾ ਕਾਲਾ ਨਹੀਂ ਪਹਿਨਦੇ। ਸਫੈਦ ਬਸਤਰਾਂ ਤੋਂ ਉਲਟ ਪ੍ਰਭਾਵ ਹੁੰਦਾ ਹੈ ਨੀਲੇ ਕਾਲੇ ਦਾ। ਗੱਲਬਾਤ ਦੇ ਦੂਜੇ ਗੇੜ ਵਿਚ ਸਤਿਗੁਰੂ ਜੀ ਬਚਨ ਕੀਤਾ : ਸਾਡੀ ਤਾਂ ਦੁਕਾਨ ਹੈ। ਜੋ ਸੱਚ ਦਾ, ਸਾਤਵਿਕਤਾ ਦਾ ਸੌਦਾ ਖਰੀਦਣਾ ਚਾਹੇ, ਲੈ ਲਵੇ ਜਿੰਨਾ ਜੀ ਕਰੇ। ਕੋਈ ਨਾ ਲਵੇ ਤਾਂ ਸੌਦਾ ਵਲ੍ਹੇਟ ਕੇ ਰੱਖ ਲੈਂਦੇ ਹਾਂ। ਸੌਦਾ ਮਹਿੰਗਾ ਹੈ। ਕੋਈ ਮਹਿੰਗ-ਮੁਲ ਤਾਰਨ ਵਾਲਾ ਹੀ ਖਰੀਦ ਕੇ ਲੈ ਜਾ ਸਕਦਾ ਹੈ।

ਸੱਚੇ ਪਾਤਸ਼ਾਹ ਜੀ ਨੇ ਸਮਝਾਇਆ : ਜਿਉਂ ਜਿਉਂ ਆਦਮੀ ਸਾਤਵਿਕ ਗੁਣਾਂ ਵਲ ਵਧਦਾ ਹੈ ਤਿਉਂ ਤਿਉਂ ਤਾਮਸੀ ਲੋੜਾਂ ਪਿਛੇ ਰਹਿੰਦੀਆਂ ਜਾਂਦੀਆਂ ਹਨ। ਫਿਰ ਮਾਸ ਸ਼ਰਾਬ ਦੀ ਤਲਬ ਨਹੀਂ ਰਹਿੰਦੀ। ਆਦਮੀ ਦੈਵੀ ਕਰਮ ਕਰਨ ਲਗ ਜਾਂਦਾ ਹੈ।

ਬੀਬੀ ਨੇ ਉੱਨ ਦੀ ਮਾਲਾ ਮੰਗੀ। ਪਰ ਸਤਿਗੁਰੂ ਜੀ ਨੇ ਫ਼ਰਮਾਇਆ : ਪਹਿਲਾਂ ਮਾਸ ਅਤੇ ਸ਼ਰਾਬ ਵਲੋਂ ਤਾਂ ਪਰਹੇਜ਼ ਕਰੋ। ਕਹਿਣ ਲਗੀ : ਜੀ ਘਰ ਵਿਚ ਬਣਦਾ ਹੈ ਤਾਂ ਖਾਣਾ ਵੀ ਪੈਂਦਾ ਹੈ। ਸਤਿਗੁਰੂ ਜੀ ਨੇ ਫਿਰ ਅਣਥਕ ਰੂਪ ਵਿਚ ਮਿਸਾਲਾਂ ਦੇਣੀਆਂ ਸ਼ੁਰੂ ਕਰ ਦਿਤੀਆਂ : ਜੋ ਕੁਝ ਘਰ ਵਿਚ ਬਣਦਾ ਹੁੰਦਾ ਹੈ, ਉਹ ਸਭ ਕੁਝ ਅਸੀਂ ਨਹੀਂ ਖਾਂਦੇ। ਸਾਨੂੰ ਦੂਜੀਆਂ ਗੱਲਾਂ ਦੀ ਵਿਚਾਰ ਵੀ ਕਰਨੀ ਪੈਂਦੀ ਹੈ। ਚੰਗੇ ਪਾਸੇ ਤੁਰਿਆਂ ਹੀ ਚੰਗਿਆਈਆਂ ਦਾ ਪਤਾ ਲਗਦਾ ਹੈ। ਚੰਗੀ ਸੰਗਤ ਹੀ ਮਨੁੱਖ ਨੂੰ ਬੁਰੇ ਕਰਮਾਂ ਤੋਂ ਬਚਾਂਦੀ ਅਤੇ ਉਪਰ ਲਜਾਂਦੀ ਹੈ। ਤੁਸੀਂ ਜਦ ਤਕ ਮਾਲਾ ਫੇਰਨ ਦੇ ਯੋਗ ਨਾ ਹੋਵੋਗੇ, ਮਾਲਾ ਨਹੀਂ ਮਿਲੇਗੀ।

ਅਤੇ "ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ" ਵਾਂਗ ਬੀਬੀ ਜਿਹੋ ਜਿਹੀ ਆਈ ਸੀ ਤੇਹੋ ਜਿਹੀ ਚਲੀ ਗਈ।

ਅਤੇ ਅਸੀਂ ਤਾਜ ਨੂੰ ਛੱਡ ਆਏ। ਮੇਰੇ ਨਾਲ ਜਗਦੀਸ਼ ਸਿੰਘ 'ਵਰਿਆਮ' ਰਲ ਪਿਆ ਅਤੇ ਅਸੀਂ ਮਾਰਵਾੜੀ ਧਰਮਸਾਲਾ ਵਿਚ ਜਾ, ਓਥੇ ਠਹਿਰੇ ਸਿੰਘਾਂ ਨੂੰ ਮਿਲੇ। ਏਥੇ ਜਗਦੀਸ਼ ਸਿੰਘ ਨੇ ਗੁਰਦੇਵ ਸਿੰਘ ਦਾ ਫੋਨ ਸੁਣਿਆ ਕਿ ਸ੍ਰੀ ਸਤਿਗੁਰੂ ਜੀ ਪੂਰੇ ੭ ਵਜੇ ਸ਼ਾਮੀ ਮਾਤ੍ਰ ਸ੍ਰੀ ਹਾਲ ਦਰਸ਼ਨ ਦੇਣਗੇ। ਅਸੀਂ ਸ੍ਰ: ਮਹਿੰਦਰ ਸਿੰਘ ਅੰਮ੍ਰਿਤਸਰੀ ਨੂੰ ਜਲਦੀ ਭੇਜੀਏ। ਐਨ ੭.੩੦ ਵਜੇ ਪ੍ਰੋਗਰਾਮ ਸ਼ੁਰੂ ਹੋ ਜਾਵੇਗਾ।

## ਬਿਰਲਾ ਮਾਤ੍ਰਸ੍ਰੀ ਸਭਾਗਾਰ

ਬਿਰਲਾ ਮਾਤ੍ਰਸ੍ਰੀ ਹਾਲ ਵਿਚ ਅੱਜ ਦਿਨੇ ਡਾਕਟਰਾਂ ਦੀ ਕੋਈ ਕਾਨਫਰੰਸ ਸੀ। ਸੋ ਸਟੇਜ ਦੀ ਤਿਆਰੀ ਸਾਨੂੰ ਮੁੜ ਤੋਂ ਕਰਨੀ ਪੈਣੀ ਸੀ। ਸਤਿਗੁਰਾਂ ਦੀ ਆਮਦ ਨੇ ਸਾਰਾ ਕੰਮ ਵਕਤ ਸਿਰ ਕਰਵਾ ਦਿਤਾ ਅਤੇ ਮੁਢ ਵਿਚ ਸ੍ਰ: ਸਤਪਾਲ ਸਿੰਘ ਜੰਮੂ ਦੀ ਬਾਂਸਰੀ ਨੂੰ ਵਕਤ ਮਿਲ ਗਿਆ। ਤਬਲਾਵਾਦਕ ਸਨ ਸੰਤ ਖਜ਼ਾਨ ਸਿੰਘ ਰਾਗੀ। ਇਹਨਾਂ ਨੇ ਘੁੰਗਰੂ ਖੂੰਟੀ ਅੰਗੂਠੇ ਵਿਚ ਅੜਾ ਜਦੋਂ ਨ੍ਰਿਤਕਾਰੀ ਦਾ ਸੁਆਦ ਸਿਰਜ ਦਿਤਾ ਤਾਂ ਲੋਕਾਂ ਨੇ ਬਿਨਾਂ ਪੈਰਾਂ ਤੋਂ ਨਾਚ ਵੇਖਕੇ ਤਾਲੀਆਂ ਮਾਰਕੇ ਖਜ਼ਾਨ ਸਿੰਘ ਜੀ ਦੇ ਫਨ ਨੂੰ ਦਾਦ ਦਿਤੀ। ਸਤਿਗੁਰੂ ਜੀ ਦੋਹਾਂ ਕਲਾਕਾਰਾਂ ਨੂੰ ਸਮਾਂ ਸੰਭਾਲਣ ਤੇ ਖੁਸ਼ੀਆਂ ਬਖਸ਼ੀਆਂ।

## ਸ: ਮਹਿੰਦਰ ਸਿੰਘ ਠੁਮਰੀ ਦੇ ਸਰਦਾਰ

੧੦ ਮਿੰਟ ਘੱਟ ੮ ਵਜੇ ਰਾਤੀਂ ਰਾਗ ਯਮਨ ਵਿਚ ਠੁਮਰੀ ਪੇਸ਼ ਕਰਨ ਲਈ ਸ੍ਰ: ਮਹਿੰਦਰ ਸਿੰਘ ਅੰਮ੍ਰਿਤਸਰੀ ਮੰਚ ਉਤੇ ਹਾਜ਼ਰ ਹੋ ਗਏ। ਇਹਨਾਂ ਨਾਲ ਤਬਲਾ ਸ੍ਰ: ਅਵਤਾਰ ਸਿੰਘ ਅਤੇ ਪੇਟੀ ਸ੍ਰੀ ਸੁਰਿੰਦਰ ਸਿੰਘ ਸੁਮਨ ਨੇ ਵਜਾਈ। ਵਿਲੰਬਤ ਵਿਚ ਇਕ ਚੀਜ਼ ਪੇਸ਼ ਕਰਕੇ ਫੇਰ ਦਰੁਤ ਵਿਚ ਸ੍ਰ: ਮਹਿੰਦਰ ਸਿੰਘ ਨੇ 'ਮੋਰੇ ਘਰ ਆਏ' ਐਸਾ ਸੁਹਣਾ ਗੰਵਿਆਂ ਕਿ ਸਮਾਂ ਬੱਝ ਗਿਆ।

੮.੩੦ ਤਕ ਯਮਨ ਦੀ ਸਮਾਪਤੀ ਕਰ ਦਿਤੀ ਗਈ। ਤਾਨਪੂਰਿਆਂ ਅਤੇ ਪੁੜੇ ਦੀਆਂ ਸੁਰਾਂ ਉਚੀਆਂ ਚੁਕੀਆਂ ਗਈਆਂ। ਮੇਰੇ ਪੁਛਣ ਤੇ ਸਤਿਗੁਰੂ ਜੀ ਹੱਸ ਕੇ ਕਹਿਣ ਲਗੇ : ਮਹਿੰਦਰ ਸਿੰਘ ਹੁਣ 'ਗਾਰਾ ਮਿਸਰਤ' ਗਾਏਗਾ' ਅਰਥਾਤ ਸੀਮਿੰਟ, ਇੱਟਾਂ ਨਾਲ ਗਾਰਾ ਵੀ ਮਿਸਰਤ ਹੋਵੇਗਾ। ਮਹਿੰਦਰ ਸਿੰਘ ਸੁਰੀਲਾ ਅਤੇ ਕੋਮਲ ਗਾਉਂਦਾ ਹੈ। ਸ਼ਬਦ ਹਨ : ਸਾਜਨ ਹਮਰੋ ਸ਼ਿੰਗਾਰ।

ਸ: ਮਹਿੰਦਰ ਸਿੰਘ ਦੀ ਠੁਮਰੀ ਵਿਚ ਗਾਇਕ ਦੇ ਹਮ ਸ਼ਹਿਰੀ ਸ੍ਰ: ਅਵਤਾਰ ਸਿੰਘ, ਦਾ ਤਬਲਾ ਵੀ ਓਨਾ ਹੀ ਮਿੱਠਾ ਤੇ ਨਰਮ ਸੀ ਜਿੰਨਾ ਇਸ ਠੁਮਰੀ ਨੂੰ ਚਾਹੀਦਾ ਸੀ। ਸ੍ਰੀ ਸਤਿਗੁਰੂ ਜੀ ਨੇ ਮੈਨੂੰ ਨਿਵਾਜਿਆ : ਸੱਜਣ ਹੀ ਅਸਲ ਸ਼ਿੰਗਾਰ ਹਨ—ਗਹਿਣਾ ਗੱਟਾ ਨਹੀਂ।...'ਸਾਜਨ ਹਮਰੋ ਸ਼ਿੰਗਾਰ' ਏਨਾ ਵੱਸਿਆ ਕਿ ਹਰ ਪਾਸਿਓਂ 'ਵਾਹਵਾ' "ਆਹਾ!" 'ਕਿਆ ਬਾਤ ਹੈ!' "ਬਹੁਤ ਖ਼ੂਬ!" ਦੀਆਂ ਅਵਾਜ਼ਾਂ ਸੁਣਾਈ ਦੇਣ ਲਗੀਆਂ।



Sri Satguru Jagjit Singh Ji Elibrary NamdhariElibrary@gmail.com

ਗਾਇਕਾਂ ਦੀ ਸਾਰੀ ਟੀਮ ਹੀ ਨਾਮਧਾਰੀ ਵਸਤਰਾਂ ਵਿਚ ਸਸ਼ੋਭਤ ਹੈ। ੮.੪੫ ਤਕ ਇਸ ਠੁਮਰੀ ਦੇ ਖਾਤਮੇ ਉਪਰੰਤ ਸਮੂਹ ਕਲਾਕਾਰਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਆਕੇ ਨਮਸਕਾਰ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਨੇ ਹਰੇਕ ਨੂੰ ਯਥਾ ਯੋਗ ਸ਼ਬਦਾਂ ਨਾਲ ਸਲਾਹਿਆ ਅਤੇ ਪਿਆਰਿਆ।

## ਬਜਾਈ ਹਰੀ ਬਾਂਸੁਰੀ

ਜਦੋਂ ਦੂਜੀ ਵਾਰ ਪਰਦਾ ਉਠਿਆ ਤਾਂ ਬਾਂਸੁਰੀ ਨਾਇਕ ਸ੍ਰੀ ਹਰੀ ਪ੍ਰਸ਼ਾਦ ਚੋਰਸੀਆ ਨਜ਼ਰ ਪਏ। ਗਾਜਰ ਰੰਗਾ ਕੁਰਤਾ, ਸਫੈਦ ਧੋਤੀ, ਮੁਸਕਰਾਂਦਾ ਮੁਖੜਾ। ਤਬਲੇ ਤੇ ਸੰਗਤ ਕਰਨ ਲਈ ਸ੍ਰੀ ਲਤੀਫ਼ ਅਹਿਮਦ। ਸਤਿਗੁਰੂ ਜੀ ਦੇ ਚਰਨਾਂ ਨੂੰ ਦੋ ਵਾਰ ਹੱਥ ਲਾਕੇ ਚੋਰਸੀਆ ਜੀ ਨੇ ਆਸ਼ੀਰ-ਵਾਦ ਮੰਗੀ। ਇੰਜ ਹੀ ਸ੍ਰੀ ਲਤੀਫ਼ ਅਹਿਮਦ ਜੀ ਨੇ ਵੀ ਆਸ਼ੀਰ ਕਾਮਨਾ ਕੀਤੀ। ਸਤਿਗੁਰੂ ਜੀ ਨੇ ਦੋਹਾਂ ਕਲਾਕਾਰਾਂ ਨੂੰ ਹਾਰ ਪਹਿਨਾਅ ਕੇ ਨਿਵਾਜਿਆ।

ਮੰਚ ਤੇ ਉਪਸਥਿਤ ਹੋ ਕੇ ਜਦੋਂ ਹਰੀ ਜੀ ਨੇ ਬਾਂਸਰੀ ਵਿਚ ਫੂਕ ਭਰੀ ਤਾਂ ਬਾਂਸ ਦੀ ਪੋਰੀ ਦੀਆਂ ਮੋਰੀਆਂ ਅਭੋਗੀ ਕਾਨੜੇ ਦੀ ਰਚਨਾ ਕਰਨ ਲਗੀਆਂ। ਚੋਰਸੀਆ ਜੀ ਦੋ ਬਾਂਸਰੀਆਂ ਨਾਲ ਲਿਆਏ ਸਨ। ਇਕ ਆਕਾਰ ਵਿਚ ਚੰਗੇ ਮੋਟੇ ਡੰਡੇ ਵਰਗੀ, ਮੀਟਰ ਭਰ ਲੰਮੀ। ਦੂਜੀ ਜ਼ਰਾ ਪਤਲੀ ਤੇ ਛੁਟੇਰੀ।

ਜਦ ਤਕ ਹਰੀ ਜੀ ਅਭੋਗੀ ਕਾਨੜੇ ਦਾ ਆਲਾਪ ਕਰਦੇ ਹਨ। ਆਪਾਂ ਕੁਛ ਹੋਰ ਗੱਲਾਂ ਕਰ ਲਈਏ।

ਇਸ ਵੇਲੇ ਮੰਚ ਉਤੇ ਸ੍ਰੀ ਸਤਿਗੁਰੂ ਜੀ ਦੀ ਤਾਬਿਆ ਵਿਚ ਹੇਠ ਲਿਖੇ ਸਰੀਰਾਂ ਨੂੰ ਬੈਠਣ ਦਾ ਸੁਭਾਗ ਹਾਸਲ ਹੈ: ਸੰਤ ਮਹਿੰਦਰ ਸਿੰਘ ਪੂਰਬਾ, ਮਾਸਟਰ ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ, ਸੰਤ ਤਰਸੇਮ ਸਿੰਘ ਨਿਜੀ ਸਕੱਤਰ, ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ ਦਿੱਲੀ, ਸ੍ਰੀ ਗੁਰਦੇਵ ਸਿੰਘ ਸਰੋਦ, ਸੁਖਦੇਵ-ਮੋਹਣ-ਪਿੰਕੀ (ਸੰਗੀਤ ਵਿਦਿਆਰਥੀ) ਅਤੇ ਪ੍ਰੀਤਮ ਸਿੰਘ ਕਵੀ।

## ਅੱਗ ਕਿਉਂ ?

ਸਵੇਰ ਦਾ ਸ੍ਰੀ ਗੁਰਭਜਨ ਸਿੰਘ ਸਾਬਕਾ ਸਕੱਤਰ ਵੀ ਸ੍ਰੀ ਸਤਿਗੁਰੂ ਜੀ ਨਾਲ ਹਵਾਈ ਸਫਰ ਕਰਕੇ ਪੁਜਾ ਹੋਇਆ ਹੈ। ਕੁਝ ਹੋਰ ਸਿੰਘਾਂ ਨਾਲ ਸੰਤ ਸੰਤੋਖ ਸਿੰਘ ਸ਼ਕੂਰ ਬਸਤੀ ਵੀ। ਗੁਰਭਜਨ ਸਿੰਘ ਨੇ ਦੱਸਿਆ ਹੈ ਕਿ 'ਨਾਮਧਾਰੀ ਸ਼ਾਪਿੰਗ ਸੈਂਟਰ' ਦਿੱਲੀ ਨੂੰ ਅੱਗ ਲਗਣ ਦਾ ਕਾਰਨ ਪੜਤਾਲਦਿਆਂ ਇਹੋ ਪਤਾ ਲਗਾ ਹੈ ਕਿ ਬਿਜਲੀ ਦੀ ਸ਼ਾਟ ਕਰਕੇ ਹੀ ਅੱਗ ਲਗੀ ਅਤੇ ਇਸਦਾ ਮੰਬਾ ਬਾਹਰਲਾ ਸ਼ੋ ਕੇਸ ਹੀ ਸੀ। ਜਦੋਂ ਸ਼ਾਮੀਂ ੭.੧੫ ਦੇ ਕਰੀਬ ਅੱਗ ਲਗੀ ਓਦੋਂ ਵਰਕਰ ਘਰੋ ਘਰੀ ਜਾ ਚੁਕੇ ਸ ਨ। ਸ਼ਾਪਿੰਗ ਸੈਂਟਰ ਵਿਚ ਕੇਵਲ ਸੰਤ ਕ੍ਰਿਪਾਲ ਸਿੰਘ ਅਤੇ ਇਕ ਮੁਨੀਮ ਹੀ ਸਨ।

## ਸੁਝਾਓ ਪੱਤਰ

ਬੰਸਰੀ ਦੇ ਆਲਾਪ ਵਿਚਾਲੇ ਹੀ ਸਰੋਤਿਆਂ ਵਿਚ ਦੀ ਹੱਥੋ ਹੱਥੀ, ਇਕ ਇਸਤ੍ਰੀ ਦਾ ਪੱਤਰ ਸ੍ਰੀ ਸਤਿਗੁਰੂ ਜੀ ਵੱਲ ਆਇਆ। ਸਤਿਗੁਰਾਂ ਦੇ ਸੰਗੀਤ ਪ੍ਰਤੀ ਕੀਤੇ ਗਏ ਜਤਨਾਂ ਦੀ ਖੁਲ੍ਹ ਕੇ ਪ੍ਰਸੰਸਾ ਕਰਦਿਆਂ ਬੀਬੀ ਸੁਸ਼ੀਲਾ ਦੇਵੀ ਸੁਪਤਨੀ ਸ੍ਰੀ ਰਾਜਿੰਦਰ ਲਾਲ ਨੇ ਬੇਨਤੀ ਕੀਤੀ ਸੀ ਕਿ ਨੌਜਵਾਨ ਵਿਗੜ ਰਹੇ ਹਨ, ਰਾਕ 'ਨ ਰੋਲ ਉਨਾਂ ਦੇ ਸ਼ੋਕ ਦੀ ਵਸਤੂ ਬਣਦਾ ਚਲਾ ਜਾ ਰਿਹਾ ਹੈ ਜੇ ਉਹ ਕ੍ਰਿਪਾ ਕਰਨ ਤਾਂ ਕੋਈ ਸ਼ਾਸਤਰੀ ਸੰਗੀਤ ਦੀਆਂ ਕੈਸਟਾਂ ਦੀ ਲਾਇਬਰੇਰੀ ਬਣਾਣ ਤਾਕਿ ਬਿਰਧ ਕਲਾਕਾਰਾਂ ਦੀ ਵਿੱਦਿਆ ਅਤੇ ਕਲਾ ਸੰਭਾਲੀ ਰਹਿ ਸਕੇ।[9]

ਸੰਗੀਤ ਸਭਾ ਦੋਰਾਨ ਹੀ ਸ੍ਰੀ ਸਤਿਗੁਰੂ ਜੀ ਤੋਂ ਸਾਨੂੰ ਇਕ ਦਿਲਚਸਪ ਵਾਕਿਆ ਸੁਣਨ ਨੂੰ ਮਿਲਿਆ। ਸ੍ਰੀ ਸੁਖਵਿੰਦਰ ਸਿੰਘ ਪਿੰਕੀ ਦੇ ਤਬਲੇ ਤੋਂ ਪ੍ਰਭਾਵਤ ਕਿਸੇ ਆਦਮੀ ਨੇ ਸ੍ਰੀ ਰਣਧੀਰ ਸਿੰਘ (ਮਹਾਰਾਜ ਸੇਵਕ) ਤੋਂ ਕੋਲ ਖਲੋਤੇ ਸ੍ਰੀ ਅਮਰਜੀਤ ਸਿੰਘ ਅੰਬਾ ਨੂੰ ਵੇਖ ਪੁਛਿਆ: ਕਲ੍ਹ ਰਾਤ ਸੰਗੀਤ ਸਮੇਲਨ ਵਿਚ ਏਸੇ ਲੜਕੇ ਨੇ ਤਬਲਾ ਵਜਾ ਕੇ ਨਿਹਾਲ ਕੀਤਾ ਸੀ ? ਇਸ ਤੋਂ ਪਹਿਲਾਂ ਕਿ ਸ੍ਰੀ ਧੀਰਾ ਕੋਈ ਜਵਾਬ ਦਿੰਦਾ, ਅੰਬਾ ਬੋਲ ਪਿਆ: ਹਾਂ ਜੀ, ਮੈਂ ਹੀ ਸਾਂ ਉਹ ਤਬਲਾ ਵਾਦਕ ਅਤੇ ਚਾਲਾਕ ਅਮਰਜੀਤ ਸਿੰਘ ਨੇ ਮੁਫਤ ਦੀ ਪ੍ਰਸੰਸਾ ਖੱਟ ਲਈ। (ਅਮਰਜੀਤ ਸਿੰਘ ਅੰਬਾ ਤੇ ਸੁਖਵਿੰਦਰ ਸਿੰਘ ਪਿੰਕੀ ਕਦ ਕਾਠ ਵਲੋਂ ਲਗਭਗ ਬਰਾਬਰ ਹੀ ਹਨ)।

## ਬੰਸਰੀ ਉਤੇ ਦਰੁਤ

ਰਾਤ ਦੇ ੧੦ ਵਜਣ ਦੇ ਨੇੜੇ ਹਨ। ਸ੍ਰੀ ਲਤੀਫ਼ ਅਹਿਮਦ ਤਬਲੇ ਦੀ ਦਰੁਤ ਵਿਚ ਹੋਰ ਤੇਜ਼ੀ ਲਿਆ ਰਿਹਾ ਹੈ। ਏਧਰ ਬੰਸਰੀ ਵਾਦਕ ਦੀਆਂ ਉਂਗਲਾਂ ਵੀ ਬਾਂਸ ਪੋਰੀ ਦੇ ਛੇਕਾਂ ਉਤੇ ਕਾਹਲੀ ਕਾਹਲੀ ਫਿਰਨ ਲਗੀਆਂ। ਮਜ਼ੇ ਦੀ ਗੱਲ ਇਹ ਕਿ ਸੁਰ ਅਤੇ ਇਹਦੇ ਸੰਜੋਗ ਵਿਚ ਕਿਸੇ ਤਰ੍ਹਾਂ ਦੀ ਬੇਸੁਆਦੀ ਨਹੀਂ। ਅਰਥਾਤ ਦਰੁਤ ਗਤੀ ਵਿਚ ਰਸ ਜਿਉਂ ਦਾ ਤਿਉਂ ਕਾਇਮ ਹੈ। ਬੰਸਰੀ ਅਤੇ ਤਬਲੇ ਦੇ ਬੋਲ ਮੁਕਾਬਲੇ ਵਿਚ ਆਏ ਹੋਏ ਸਭਾਗਾਰ ਵਿਚ ਗੂੰਜਦੇ ਪੂਰੇ ੧੦ ਵਜੇ ਮਹਾਂ



Sri Satguru Jagjit Singh Ji Elibrary NamdhariElibrary@gmail.com

ਧੁੰਨ ਵਿਚ ਖੋ ਗਏ ।

ਅਤੇ ਫਿਰ ਹਰੀ ਜੀ ਨੇ ਬੰਸੀ ਨੂੰ ਪਹਾੜੀ ਦੀਆਂ ਸੁਰਾਂ ਲਈ ਫੂਕ ਮਾਰੀ । ਇਕ ਹੂਕ ਮਾਰਵੀਂ ਰਿਦਮ ਕਿਸੇ ਬਿਰਹਣੀ ਦੀ ਕੂਕ ਵਾਂਗ ਸਰੋਤਿਆਂ ਦੇ ਹਿਰਦੇ ਵਿਚ ਉਤਰ ਗਈ । ਹੋਰ ਅੱਧੇ ਘੰਟੇ ਤਕ ਇੰਜ ਹੀ ਇਸ ਬੰਦ ਹਾਲ ਵਿਚ ਸੁਰਾਂ ਦੀਆਂ ਪਹਾੜੀਆਂ ਬਣਨ ਲਗੀਆਂ ।

## ਬਾਲ ਕਲਾਕਾਰ

ਉਪਰੰਤ ਮੰਚ ਸਕੱਤਰ ਸ੍ਰੀ ਸੁਖਬੀਰ ਗੁਲਾਟੀ ਨੇ ਸ੍ਰੀ ਸਤਿਗੁਰੂ ਜੀ ਦੇ ਸ਼ਾਗਿਰਦ ਅਤੇ ਸ੍ਰ: ਮਹਿੰਦਰ ਸਿੰਘ ਠੁਮਰੀ ਗਾਇਕ ਦੇ ਚੇਲੇ ਬਲਜੀਤ ਸਿੰਘ ਦੇ ਜਥੇ ਨੂੰ ਪੇਸ਼ ਕੀਤਾ । ਪਰਦਾ ਉਠਦਿਆਂ ਹੀ ਲੋਕ ਚੋਕਸ ਹੋ ਗਏ । ੧੨ ਤੋਂ ੧੪ ਸਾਲ ਦੇ ਬੱਚੇ ਸਫੈਦ ਨਾਮਧਾਰੀ ਪਹਿਰਾਵੇ ਵਿਚ, ਗਲ ਉੱਨ ਮਾਲਾ ਨਾਲ ਸੁਸਜਿਤ ਮੰਚ ਦੇ ਵਿਚਾਲੇ ਮਾਈਕਾਂ ਸਾਹਵੇਂ ਨਜ਼ਰ ਪਏ । ਮੋਹਣ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ ਅਤੇ ਸੁਖਵਿੰਦਰ ਸਿੰਘ ਪਿੰਕੀ...ਪਿਆਰੀਆਂ ਸ਼ਕਲਾਂ, ਸੁਖਦ ਦਰਸ਼ਨ । ਪਿੰਕੀ ਦੇ ਤਬਲੇ ਦੀਆਂ ਧੁੰਮਾਂ ਬੰਬਈ ਦੇ ਗੁਣੀ ਮੰਡਲ ਵਿਚ ਪੈ ਗਈਆਂ ਸਨ ।

ਪੌਣੇ ਪੰਦਰਾਂ ਮਾਤਰਾਂ ਦਾ ਪ੍ਰਤਾਪ ਤਾਲ, ਰਾਗ ਯਮਨ, ਸ਼ਬਦ 'ਕਰੁਣਾ ਨਿਧਾਨ' ਵਾਤਾਵਰਣ ਵਿਚ ਛਾ ਗਿਆ । ਗਾਇਨ ਏਨਾ ਵਧੀਆ ਹੋ ਗਿਆ ਕਿ ਤਾਲੀਆਂ ਦੀ ਕੜਕੁਟ ਦੀ ਗੂੰਜ ਲੰਮਾ ਚਿਰ ਖ਼ਤਮ ਨਾ ਹੋਣ ਵਿਚ ਆਈ ।

ਸ੍ਰੀ ਚੋਰਸੀਆ ਅਤੇ ਅਹਿਮਦ ਲਤੀਫ ਜੀ ਨੂੰ ਆਪਣੇ ਕੋਲ ਬੈਠਾਅ ਕੇ ਸਤਿਗੁਰੂ ਜੀ ਨੇ ਬੱਚਿਆਂ ਦਾ ਗਾਇਨ ਸੁਣਾਇਆ । ਬੱਚਿਆਂ ਨੇ ਸਰਗਮਾਂ, ਦੁਗਣ ਤੇ ਤਿਹਾਈਆਂ ਦੀ ਵਰਤੋਂ ਕਰਕੇ ਸਰੇਸ਼ਟ ਕਲਾਕਾਰਾਂ ਤੋਂ ਵੀ ਪ੍ਰਸੰਸਾ ਖੱਟ ਲਈ । ਤਬਲਾਵਾਦਨ ਦੇ ਸਿਰਮੌਰ ਉਸਤਾਦ ਅੱਲਾ ਰੱਖਾ ਜੀ ਨੇ ਸਰੋਤਿਆਂ ਚੋਂ ਉਠ ਮੰਚ ਤੇ ਆਕੇ ਬੱਚਿਆਂ ਦੀ ਸ਼ਲਾਘਾ ਕੀਤੀ ।

ਮੇਰੇ ਸੁਝਾਉ ਤੇ ਸਤਿਪਾਲ ਸਨੇਹੀ ਨੇ ਸ੍ਰੀ ਸਤਿਗੁਰੂ ਜੀ ਦੀ ਉਸਤਾਦ ਅੱਲਾ ਰੱਖਾ ਸਾਹਿਬ, ਉਸਤਾਦ ਅਮਜਦ ਅਲੀ ਖਾਂ ਅਤੇ ਬੱਚਿਆਂ ਦੀ ਫੋਟੋ ਲਈ । ਹਰੇਕ ਦੇ ਚਿਹਰੇ ਤੇ ਪ੍ਰਸੰਨਤਾ ਬਿਖਰੀ ਹੋਈ ਸੀ ।

## ਸੁਨੀਤਾ ਵਲੋਂ ਪ੍ਰਸ਼ੰਸਾ

ਏਸੇ ਅਵਸਰ ਤੇ ਕਾਲੇ ਵਸਤਰਾਂ ਵਾਲੀ ਗੋਰ ਵਰਨੀ ਇਸਤਰੀ ਸੁਨੀਤਾ ਸ਼ਿਵ ਦਰਸ਼ਨੀ, ਇਕ ਸੰਗੀਤ ਕਲਾਕਾਰਾ, ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਛੂਹੇ । ਨਤ ਮਸਤਕ ਹੋਕੇ



ਉਸਤਾਦ ਅਮਜਦ ਅਲੀ ਖਾਂ

ਬੇਨਤੀ ਕੀਤੀ : ਜੋ ਕੁਛ ਆਪ ਸੰਗੀਤ ਲਈ ਕਰ ਰਹੇ ਹੋ, ਅਭੂਤਪੂਰਵ ਹੈ। ਜਿਵੇਂ ਇਹ ਬੱਚੇ ਆਪ ਨੇ ਤਿਆਰ ਕੀਤੇ ਹਨ, ਇਹਨਾਂ ਨੂੰ ਸੁਣ ਵੇਖਕੇ ਮੇਰਾ ਜੀ ਆਪਦੇ ਚਰਨ ਛੂਹਣ ਲਈ ਵਿਆਕੁਲ ਹੋ ਗਿਆ ।

## ਹੋਰ ਪਸ਼ੰਸਕ

ਏਨੇ ਵਿਚ ਸ੍ਰੀ ਅੰਨਾ (ਫਲੂਟ ਵਾਦਕ), ਸ੍ਰੀ ਕਾਸ਼ੀ ਨਾਥ (ਤਬਲਾ ਵਾਦਕ) ਕਾਹਲੀ ਕਾਹਲੀ ਮੰਚ ਉਪਰ ਸਤਿਗੁਰਾਂ ਪਾਸ ਆਏ । ਚਰਨ ਸਪਰਸ਼ ਕੀਤੇ ਤੇ ਆਖਿਆ : ਹਜ਼ੂਰ ਕੈਸੀ ਰਚਨਾ ਕੀ ਆਪ ਨੇ ! ਪਹਿਲਾਂ ਤਾਂ ਕਦੀ ਪੌਣੀਆਂ ਪੰਦਰਾਂ ਮਾਤਰਾਂ ਨਹੀਂ ਸੁਣੀਆਂ । ਬੱਚੇ ਨੇ ਤਬਲੇ ਤੇ ਵੀ ਕਿੰਨੀਆਂ ਜਾਨਦਾਰ ਪੌਣੀਆਂ ਪੰਦਰਾਂ ਵਜਾਈਆਂ ਹਨ । ਪਰਦੇ ਦੇ ਉਹਲੇ ਵੀ ਲੋਕੀਂ ਬੱਚਿਆਂ ਦੇ ਕੰਮ ਦੀ ਤਾਰੀਫ ਕਰ ਰਹੇ ਸਨ । ਸੁਭਾਵਕ ਸੀ ਸਤਿਗੁਰੂ ਜੀ ਦਾ ਹਿਰਦਾ ਵੀ ਪ੍ਰਸੰਨਤਾ ਦੇ ਹਿਲੋਰੇ ਲੈਂਦਾ ।

## ਸਰੋਦ ਦੇ ਬਾਦਸ਼ਾਹ ਵਲੋਂ ਸਤਿਕਾਰ

ਮੱਧਿਆਂਤਰ ਬੀਤ ਗਿਆ । ੧੧.੨੫ ਹੋ ਗਏ । ਹਾਲ ਦੀ ਕੋਈ ਕੁਰਸੀ ਵੀ ਖਾਲੀ ਨਹੀਂ । ਉਸਤਾਦ



Sri Satguru Jagjit Singh Ji Elibrary NamdhariElibrary@gmail.com

ਅਮਜਦ ਅਲੀ ਦੇ ਪ੍ਰਸ਼ੰਸਕ, ਚਾਹਵਾਨ ਅਤੇ ਆਮ ਸਰੋਤੇ ਸਮੇਤ ਨਾਮਧਾਰੀ ਸੰਗਤ ਦੇ ਪਿਆਰੇ ਕਲਾਕਾਰਾਂ ਦੀ ਉਡੀਕ ਵਿਚ ਹਨ। ਪਰਦਾ ਉਠਿਆ। ਖਾਂ ਸਾਹਿਬ ਸਫੈਦ ਪੁਸ਼ਪ-ਮਾਲਾ ਲੈ ਕੇ ਆਏ ਹਨ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਿਤਰ ਦੇ ਚਰਨਾਂ ਵਿਚ ਰਖਕੇ ਨਮਸਕਾਰ ਕੀਤੀ ਹੈ ਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਪਾਸ ਅਸ਼ੀਰਵਾਦ ਵਾਸਤੇ ਗਏ ਹਨ। ਨਮਸਕਾਰ ਲਈ ਝੁਕੇ। ਸਿਰ ਉਤਦੀ ਸਤਿਗੁਰੂ ਜੀ ਵਲੋਂ ਪਿਆਰ ਸਤਿਕਾਰ ਦਾ ਫੂਲ ਹਾਰ ਗਲੇ ਪੈ ਗਿਆ ਹੈ। ਉਸਤਾਦ ਸਰੋਦ ਵਾਦਕ ਦੇ ਪਖਾਵਜੀ ਸ੍ਰੀ ਸਾਬਿਰ ਖਾਨ ਨੂੰ ਵੀ ਫੂਲ ਹਾਰ ਨਾਲ ਨਿਵਾਜਿਆ ਗਿਆ ਹੈ।

ਰਾਗ ਦਾ ਨਾਮ 'ਲਲਿਤ ਧੁਨੀ' ਦਸਕੇ ਖਾਂ ਸਾਹਿਬ ਨੇ ਸਰੋਦ ਨੂੰ ਟੁਣਕਾਰਨਾ ਸ਼ੁਰੂ ਕੀਤਾ।

ਸਫੈਦ ਵਿਛਾਈ ਵਾਲਾ ਮੰਚ, ਵਿਚਕਾਰੇ ਲਾਲ ਗਲੀਚਾ ਦੁਆਲੇ ਪੀਲੇ ਗੇਂਦੇ ਦੇ ਫੁਲਾਂ ਦੀ ਇਕ ਲਾਈਨ' ਇਸ ਉਤੇ ਸਰੋਦ ਦਾ ਬਾਦਸ਼ਾਹ ਉਸਤਾਦ ਅਮਜਦ ਅਲੀ' ਸਭਨਾਂ ਦੀਆਂ ਅੱਖਾਂ ਦਾ ਕੇਂਦਰ ਬਣੀ, ਬੈਠਾ ਹੈ ਤੇ ਬੀਤੀ ਆਯੂ ਦੀ ਮਿਹਨਤ ਦਾ ਪ੍ਰਸਾਦ ਸਰੋਤਿਆਂ ਵਿਚ ਵੰਡ ਰਿਹਾ ਹੈ। ਖੂਬਸੂਰਤੀ ਤੇ ਜਵਾਨੀ ਸਫੈਦ ਕੁਰਤੇ ਪਜਾਮੇ ਵਿਚ ਗੋਗਲ ਪਹਿਨੀ ਗੁਣ ਪ੍ਰਗਟਾਵਾ ਕਰਦੀ ਹਰੇਕ ਦਰਸ਼ਕ-ਸਰੋਤੇ ਤੇ ਗਹਿਰਾ ਪ੍ਰਭਾਵ ਛਡਦੀ ਚਲੀ ਜਾ ਰਹੀ ਹੈ। ਦੋ ਸ਼ਾਗਿਰਦ ਇਕ ਨਾਮਧਾਰੀ ਗੁਰਦੇਵ, ਦੂਜਾ ਅਨਾਮਧਾਰੀ ਲਕਸ਼ਮਨ ਪਿਛੇ ਤਾਨਪੂਰੇ ਦੁਆਰਾ ਸੁਰ ਦਿੰਦੇ। ਅਨੂਪਮ ਠਾਠ ਹੈ।

ਲਲਿਤਾ ਧੁਨੀ ਨੇ ਸਮਝਦਾਰਾਂ ਨੂੰ ਕੀਲ ਛਡਿਆ ਹੈ।

ਅਗਲੇ ਦਿਨ ਦਾ ਆਗਾਜ਼ ਹੋ ਗਿਆ। ਰਾਤ ੧੨.੩੦, ਹੁਣ ਸਰੋਦ ਦੀਆਂ ਸੁਰਾਂ ਦਰਬਾਰੀ ਵਿਚ ਬਦਲ ਗਈਆਂ। ਸਰੋਤੇ ਮੁਗਧ ਮਨ ਅਹਿਲ ਬੈਠੇ ਹੋਏ ਹਨ। ਕਦੇ ਕਦੇ ਤਾਲੀਆਂ। ਵਾਹ ਵਾਹ, ਆਮ! ੧.੨੦ ਤਕ ਛਹਿਬਰ ਲਗੀ ਰਹੀ। ਇੰਦਰ ਲੋਕ ਵਿਚ ਲਗੀ ਦੈਵੀ ਸਭਾ ਹੀ ਜਾਪਦੀ ਸੀ।

ਜ਼ੋਰ ਅਜ਼ਮਾਈ ਦੀ ਲੀਲਾ—ਜੋੜ ਝਾਲਾ-ਭਿੜੰਤ ਕਰ ਅਮਜਦ ਜੀ ਨੇ ਸਰੋਤਿਆਂ ਨੂੰ ਦੱਸਿਆ: ਸ੍ਰੀ ਸਤਿਗੁਰੂ ਜੀ ਮਹਾਰਾਜ ਦੀ ਪਰਸਨੈਲਿਟੀ ਨੂੰ ਆਪ ਨੇ ਤਕ ਲਿਆ ਹੈ, ਇਹ ਬਹੁਤ ਉੱਚੇ ਤੇ ਗੁਣੀ ਹਨ। ਖਾਸ ਕਰ ਸੰਗੀਤ ਦੇ ਮਸਲੇ ਤੇ ਆਪ ਲਾਸਾਨੀ ਹਨ। ਪੌਣੇ ਚੌਦਾਂ, ਪੌਣੇ ਪੰਦਰਾਂ ਮਾਤਰਾਂ ਭਾਰਤ ਨੂੰ ਇਹਨਾਂ ਦੀ ਦੇਣ ਹੈ। ਮੈਂ ਭੀ ਇਹਨਾਂ ਤੋਂ ਸਮਝ ਕੇ ਪੌਣੇ ਪੰਦਰਾਂ ਮਾਤਰਾਂ ਵਜਾਣ ਦਾ ਕੁਝ ਜਤਨ ਕੀਤਾ ਹੈ; ਆਸ ਹੈ ਆਪ ਭੀ ਪਸੰਦ ਕਰੋਗੇ।

ਅਤੇ ਸੁਰਾਂ ਦੇਸ ਦੀਆਂ ਮਚਲ ਪਈਆਂ।

ਪ੍ਰਸੰਨ ਮੁਦਰਾ ਉਸਤਾਦ ਫੇਰ ਬੋਲਿਆ: ਮੈਂ ੨ ਵਜੇ ਦੇ ਪਲੇਨ ਤੇ ਜਾਣਾ ਸੀ ਪਰ ਤੁਹਾਡੀ ਸ਼ਾਂਤੀ ਪੂਰਣ ਉਤਸਾਹ ਵਰਧਕ ਬੈਠਕ ਨੇ ਮੈਨੂੰ ਵੀ ਕੀਲ ਲਿਆ ਹੈ। ਮੈਂ ਇਸ ਜਹਾਜ਼ ਤੇ ਨਹੀਂ ਜਾਵਾਂਗਾ। ਸਵੇਰੇ ਵੇਖੀ ਜਾਵੇਗੀ।

ਰਾਗ ਦੇਸ ਦੀਆਂ ਸੁਰਾਂ ਪੌਣੀਆਂ ਪੰਦਰਾਂ ਦੀ ਲੈਅ ਤੇ ਹੀ ਸਵਾਰ ਰਹੀਆਂ। ਉਸਤਾਦ ਨੇ ਇਸ ਵਿਕਟ ਮਾਤਰਿਕ ਲੈਅ ਵਿਚ ਤਿਹਾਈਆਂ ਅਤੇ ਤਿੰਨ ਤਿਹਾਈਆਂ ਵਜਾਕੇ ਸ੍ਰੀ ਸਤਿਗੁਰੂ ਜੀ ਨੂੰ ਰੀਝਾ ਲਿਆ।

੧.੩੦ ਵਜੇ ਤਾਂ ਹੋਲੀ ਦਾ ਰੰਗ ਜੰਮ ਗਿਆ।

ਅਮਜਦ ਖਾਂ ਸਾਹਿਬ ਤੇ ਸਾਬਰੀ ਖਾਨ ਖੂਬ ਮਿਲ ਕੇ ਜੂਝੇ। ਤੇਜ਼ ਤੋਂ ਤੇਜ਼ ਤਰ ਹੁੰਦੀਆਂ ਸੁਰਾਂ ਨੇ ਸਰੋਤਿਆਂ ਦੀ ਜਿੰਦ ਆਪਣੀ ਮੁੱਠੀ ਵਿਚ ਕੀਤੀ ਹੋਈ ਸੀ।

੨ ਵਜੇ ਸਮਾਪਤੀ ਹੋਈ। ਤਾਲੀਆਂ ਦਾ ਜਿਵੇਂ ਮੀਂਹ ਵਰ੍ਹ ਪਿਆ। ਲੰਮੀਆਂ ਤਾਲੀਆਂ ਦੀ ਕੜਕੁਟ ਵਿਚ ਉਸਤਾਦ ਦੀ ਪ੍ਰਸੰਸਾ ਵਿਚ ਲੋਕ ਚੋਖਾ ਚਿਰ ਖਲੋਤੇ ਰਹੇ। ਅਤੇ ਫਿਰ ਹਾਲ ਦੇ ਖਾਲੀ ਹੋਣ ਦੀ ਵਾਰੀ ਆ ਗਈ।

## ੮ ਅਪਰੈਲ ੧੯੭੯ ਸ਼ਨੀਵਾਰ
## ਬੰਬਈ

ਗੁਰਦੇਵ ਸਿੰਘ ਤੋਂ ਪਤਾ ਲਗਾ ਹੈ ਕਿ ਰਾਤੀਂ ਸ: ਸੁਰਿੰਦਰ ਸਿੰਘ ਮਨਚੰਦਾ ਦਿੱਲੀਓਂ ਹੋ ਮੁੜਿਆ ਹੈ ਅਤੇ ਤਾਜ ਵਿਚ ਹੀ ਸ੍ਰੀ ਗੁਰੂ ਚਰਨਾਂ ਵਿਚ ਵਿਰਾਜਿਆ ਹੈ।

### ਅੰਤਮ ਦਿਨ

ਸੰਗੀਤ ਸਮੇਲਨ ਦਾ ਅਜ ਅੰਤਮ ਦਿਨ ਹੈ।

ਜੋ ਕੁਝ ਕੱਲ੍ਹ ਰਾਤੀਂ ਪਤਾ ਲਗਾ ਉਸ ਅਨੁਸਾਰ ਆਉਣ ਵਾਲੇ ਕੱਲ੍ਹ ਸਵੇਰੇ ਸਤਿਗੁਰੂ ਜੀ ਹਵਾਈ ਸਫਰ ਦੁਆਰਾ ਦਿੱਲੀ ਪਧਾਰਨਗੇ। ਗੁਰੂ ਪਰਵਾਰ ਪੰਜਾਬ ਮੇਲ ਵਿਚ ਫਸਟ ਕਲਾਸ ਸਫਰ ਕਰੇਗਾ। ਬਾਕੀ ਦੀਆਂ ੫੫ ਸਵਾ-ਰੀਆਂ ਵਾਸਤੇ ਜਨਤਾ ਐਕਸ ਪਰੈਸ ਵਿਚ ਇਕ ਬੋਗੀ ਰੀਜ਼ਰਵ ਕਰਵਾ ਲਈ ਗਈ ਹੈ। ੧੦ ਅਪਰੈਲ ਸਵੇਰੇ ੬ ਵਜੇ ਟਰੇਨ ਛੁਟੇਗੀ। ਇਹਨਾਂ ਸਭ ਤਿਆਰੀਆਂ ਵਿਚ ਠਾਕੁਰ ਸ਼ਮਸ਼ੇਰ ਸਿੰਘ ਜੀ ਦੀ ਪ੍ਰਤਿਭਾ ਕੰਮ ਆਈ ਹੈ।

ਗੁਰਦੇਵ ਸਿੰਘ ਸਵੇਰੇ ੭ ਵਜੇ ਤੋਂ ਹੀ ਮੁਖਤਲਿਫ ਥਾਵਾਂ ਤੇ ਫ਼ੋਨ ਕਰਕੇ ਆਪਣੀ ਯੋਗਤਾ, ਮਿਲਣਸਾਰੀ ਜ਼ਿੰਮੇਵਾਰੀ ਦਰਸਾਉਂਦਾ ਸਤਿਗੁਰੂ ਜੀ ਦੀ ਸ਼ੋਭਾ ਹਿਤ ਗੱਲਾਂ



Sri Satguru Jagjit Singh Ji Elibrary NamdhariElibrary@gmail.com

ਬਾਤਾਂ ਕਰ ਰਿਹਾ ਹੈ : ਉਸਤਾਦ ਜੀ ਚਲੇ ਗਏ ? (ਹੋਟਲ ਤਾਜ ਮਹੱਲ ਨੂੰ ਫੋਨ), ਕੀ ਤੁਸੀਂ ਸਤਿਗੁਰੂ ਜੀ ਨਾਲ ਇੰਟਰਵੀਊ ਲਈ ਸਮਾ ਦੇ ਸਕਦੇ ਹੋ ? ਕੱਲ ਕਹਿੰਦੇ ਸਾਓ ਇੰਟਰਵੀਊ ਲਈ ! (ਟਾਈਮਜ਼ ਆਫ਼ ਇੰਡੀਆ ਦੇ ਸੰਪਾਦਕ ਨੂੰ) ਆਪਣੇ ਘਰ ਸਤਿਗੁਰੂ ਜੀ ਦੇ ਚਰਨ ਪੁਆਣ ਲਈ ਕਹਿੰਦੇ ਸਾਓ, ਕਦੋਂ ਵਕਤ ਹੋਵੇਗਾ, ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਾਂ ? (ਸ੍ਰੀ ਚੰਦਾ ਸਿੰਧੀ ਨੂੰ) ਅਤੇ ਹੋਰ ਕਈ ਥਾਈਂ ੯.੧੫ ਤਕ ਉਂਗਲਾਂ ਡਾਇਲ ਨੰਬਰ ਘੁਮਾਂਦੀਆਂ ਰਹੀਆਂ ।

ਸਪੂਤਨਿਕ ਵਿਚ ਗੌਤਮ ਵੀ. ਸ਼ਾਹ ਦੇ ਫਲੈਟ ਦੀ ਰਿਹਾਇਸ਼ ਅਤੇ ਏਥੋਂ ਦੇ ਟੈਲੀਫੋਨ ਦੀ ਫ੍ਰੀ ਵਰਤੋਂ ਨੇ ਚੁਸਤ ਪ੍ਰਬੰਧਕ ਨੂੰ ਬੜੀ ਸ਼ਕਤੀ ਦਿਤੀ ਹੈ । ਜਦੋਂ ਵੀ ਗੁਰਦੇਵ ਦੀ ਖੋਪੜੀ ਵਿਚ ਜਲੂਣ ਹੁੰਦੀ ਹੈ ਉਂਗਲਾਂ ਫੋਨ ਦੇ ਨੰਬਰ ਘੁਮਾਣ ਲਗ ਜਾਂਦੀਆਂ ਹਨ ।

ਬੰਬਈ ਵਿਚ ਜਿਥੇ ਕਈ ਕਈ ਕਰੋੜ ਰੁਪੈ ਦੇ ਬਹੁ ਮਨਜ਼ਲੇ ਮਕਾਨ ਹਨ ਓਥੇ ਤੇਜ਼ ਰਫ਼ਤਾਰ ਕਾਰਾਂ, ਟੈਕਸੀਆਂ, ਬੱਸਾਂ ਦਾ ਆਵਾਗਮਨ ਨਿਰੰਤਰ ਬਣਿਆ ਰਹਿੰਦਾ ਹੈ, ਸੜਕ ਕਿਨਾਰੇ ਬੱਸ ਜਾਂ ਟੈਕਸੀ ਦਾ ਇੰਤਜ਼ਾਰ ਕਰਦਿਆਂ ਸੜਕ-ਸੰਗੀਤ ਦੀਆਂ ਸੁਰਾਂ ਉੱਚੀਆਂ ਨੀਵੀਆਂ ਉਠਦੀਆਂ ਰਹਿੰਦੀਆਂ ਹਨ ।

### ਸ੍ਰੀ ਰਮੇਸ਼ ਗਾਂਧੀ

ਸਪੂਤਨਿਕ ਵਿਚ ਬੈਠਿਆਂ ਹੀ ਗੁਰਦੇਵ ਸਿੰਘ ਦਾ ਇਕ ਪੁਰਾਣਾ ਮਿੱਤਰ ਰਮੇਸ਼ ਗਾਂਧੀ ਆ ਗਿਆ । ਉਹ ਗੁਆਚੀ ਸਰੋਦ ਨੂੰ ਲਭਣ ਹਿਤ ਇਹਨਾਂ ਦੀ ਮਦਦ ਕਰਨ ਦੀ ਭਾਵਨਾ ਨਾਲ ਆਇਆ ਸੀ ।

ਬੈਠੇ ਬੈਠੇ ਮੇਰੀ ਵੀ ਰਮੇਸ਼ ਨਾਲ ਗੱਲਬਾਤ ਹੋ ਗਈ । ਹੌਲੀ ਹੌਲੀ ਇਹ ਮੇਰੇ ਨਾਲ ਦੇ ਸੋਫੇ ਤੇ ਆ ਬੈਠਾ । ਪੁਛਿਓ ਸੁ : ਆਪ ਜਿਨ ਕੋ ਸਤਿਗੁਰੂ ਬੋਲਤੇ ਹੈਂ ਵੁਹ ਕਿਆ ਹੈਂ ? ਅਤੇ ਮੈਂ ਉਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਸੰਭਵ ਜਾਣਕਾਰੀ ਦੇ ਦਿਤੀ । ਉਸ ਦੇ ਮਨ ਵਿਚ ਸਤਿਗੁਰੂ ਪ੍ਰੇਮ ਤਰੰਗਾਂ ਲੈਣ ਲਗਾ । ਮੈਂ ਰਮੇਸ਼ ਗਾਂਧੀ ਨਾਲ ਵਿਵਧ ਪ੍ਰਕਾਰ ਦੀ ਗੱਲਬਾਤ ਕੀਤੀ । ਅਖੀਰ ਉਸ ਨੇ ਆਖਿਆ : ਪਿਛਲੇ ਬੀਸ ਪੱਚੀਸ ਸਾਲ ਮੇਂ ਯਹਾਂ ਬਿਰਲਾ ਹਾਲ ਮੇਂ ਜਿਤਨੇ ਸੰਗੀਤ ਕਨਸਰਟ ਹੂਏ ਹੈਂ ਉਨ ਮੇਂ ਕਭੀ ਭੀ ਇਤਨੀ ਸ਼ਾਂਤੀ ਯਾ ਸੁਖਦ ਅਨੁਭਵ ਨਹੀਂ ਹੁਏ । ਦਰਜਨੋਂ ਪੁਲਸ ਕੇ ਆਦਮੀ ਇਧਰ ਉਧਰ ਘੂਮਤੇ ਰਹਿਤੇ ਹੈਂ, ਲੋਗ ਬਾਤੇਂ ਕਰਤੇ ਥਕਤੇ ਨਹੀਂ, ਔਰ ਕਿਤਨੀ ਹੀ ਬਾਰ ਆਨੰਦ ਕੋ ਕੋਲਾਹਲ ਮੇਂ ਤਬਦੀਲ ਹੁਏ ਦੇਖਾ ਹੈ, ਪਰੰਤੂ ਆਪ ਕਾ ਯੇਹ ਸੰਮੇਲਨ ਇਤਨਾ ਆਨੰਦ-ਦਾਇਕ ਰਹਾ ਕਿ ਰਾਤ ਕੇ ਦੋ ਬਜੇ ਤਕ ਭੀ ਉਠਨੇ ਕੋ ਮਨ ਨਹੀਂ ਹੋਤਾ ਥਾ । ਏਕਦਮ ਖਾਮੋਸ਼ੀ । ਸਤਿਗੁਰੂ ਜੀ ਕੇ ਦਰਸ਼ਨ ਔਰ ਵਾਦਨ ਕਾ ਆਨੰਦ ਨਿਰੰਤਰ ਮਿਲਤਾ ਰਹਿਤਾ ਹੈ । ਆਪ ਨੇ ਜੋ ਅਨੇਕ ਰੁਪਏ ਖਰਚ ਕਰ ਕੇ ਸਭ ਲੋਗੋਂ ਕੋ ਫ੍ਰੀ ਪਾਸ ਇਸ਼ੂ ਕੀਏ, ਉਸ ਕੀ ਪ੍ਰਸ਼ੰਸ਼ਾ ਕੈਸੇ ਕੀ ਜਾਏ । ਪਰੰਤੂ ਯਹ ਰੁਪਿਆ ਆਪ ਕੋ ਆਤਾ ਕਹਾਂ ਸੇ ਹੈ ?

ਮੈਂ ਦਸਿਆ ਕਿ ਇਹ ਬੰਬਈ ਦੀ ਨਾਮਧਾਰੀ ਸੰਗਤ ਦਾ ਉਦਮ ਹੈ । ਅਜੇ ਸਾਡੇ ਲੋਕ ਏਨੇ ਬਲਵਾਨ ਨਹੀਂ ਹੋਏ ਕਿ ਏਨਾ ਖਰਚ ਕੱਲੇ ਕੱਲੇ ਕਰ ਸਕਣ । ਏਥੋਂ ਦੀ ਸੰਗਤ ਜਿੰਨਾ ਵੀ ਖਰਚ ਕਰ ਸਕੀ, ਕੀਤਾ, ਇਸ ਤੋਂ ਵਧ ਗੁਰੂ ਕੇ ਖਜ਼ਾਨੇ ਨੇ ਉਦਾਰਤਾ ਵਖਾਈ ਹੈ ।

ਸ੍ਰੀ ਰਮੇਸ਼ (੩੮) ਮੇਰੀਆਂ ਗੱਲਾਂ ਤੋਂ ਮੁਗਧ ਹੋ ਰਿਹਾ ਸੀ । ਇਹ ਬਾਕਸ ਫੈਕਟਰੀ ਦਾ ਮਾਲਕ ਹੈ ਤੇ ਇਹਦੇ ਕਹਿਣ ਅਨੁਸਾਰ ਇਹਦੇ ਸਹੁਰੇ ਕਰੋੜਾਂਪਤੀ ਹਨ । ਇਸ ਦੀ ਸੰਗੀਤ ਦਿਲਚਸਪੀ ਏਨੀ ਹੈ ਕਿ ਇਸ ਦੇ ਪਾਸ ਵੱਡੇ ਵੱਡੇ ਕਲਾਕਾਰਾਂ ਦਾ ਟੇਪ ਕੀਤਾ ਸੰਗੀਤ ੩੫੦ ਕੈਸਟਾਂ ਵਿਚ ਸੁਰਖਿਅਤ ਹੈ ।

ਗੁਰਦੇਵ ਸਿੰਘ ਦੀ ਸਰੋਦ ਲੱਭ ਕੇ ਦੇਣ ਦੀ ਜ਼ਿੰਮੇਵਾਰੀ ਲੈ ਕੇ ਉਹ ਚਲਾ ਗਿਆ ।

### ਮਛਲੀ ਘਰ

੧੧ ਵਜੇ ਗੁਰਦੇਵ ਸਿੰਘ ਤਾਂ ਸੰਗੀਤ ਸੰਮੇਲਨ ਦੇ ਅੱਜ ਦੇ ਸਮਾਗਮ ਦੀਆਂ ਤਿਆਰੀਆਂ ਦੇ ਸਬੰਧ ਬਾਰੇ ਅਤੇ ਸ੍ਰੀ ਸਤਿਗੁਰੂ ਜੀ ਨਾਲ ਸਿੰਧੀ ਪਰਵਾਰ ਨੂੰ ਦਰਸ਼ਨ ਦੇਣ ਲਈ ਅਰਜ਼ ਕਰਨ ਵਾਸਤੇ ਚਲਾ ਗਿਆ । ਏਧਰ, ਬਾਕੀ ਸਪੂਤਨਿਕ ਪਰਵਾਰ ਤਾਰਾਪੋਰ ਵਾਲਾ ਐਕੋਰੀਅਮ ਵੇਖਣ ਚਲਾ ਗਿਆ ।

ਮਨੁਖ ਦੀ ਸਮਰਥਾ, ਸਮਰਿਧੀ ਤੇ ਸੁਯੋਗਤਾ ਦਾ ਹੀ ਇਹ ਕ੍ਰਿਸ਼ਮਾ ਸੀ । ਸਮੁੰਦਰੀ ਜੀਵਾਂ ਦੇ ਅਨੇਕਾਂ ਨਮੂਨੇ ਸ਼ੀਸ਼ੇ ਦੀਆਂ ਸਾਫ ਸ਼ਫਾਫ ਪੋਲੀਆਂ ਦੀਵਾਰਾਂ ਵਿਚ ਸਮੁੰਦਰੀ ਜਲ ਭਰ ਕੇ ਆਮ ਆਦਮੀ ਦੇ ਦੇਖਣ ਯੋਗ ਬਣਾ ਦਿਤੇ । ਬਾਰੀਕ ਅਤੇ ਰੰਗ ਬਰੰਗੀਆਂ, ਛੋਟੀਆਂ ਚੰਚਲ ਮਛੀਆਂ, ਕੇਕੜੇ, ਕੱਛੂ, ਦਰਮਿਆਨੇ ਅਕਾਰ ਦੀਆਂ ਏਰੀਅਲ ਵਾਲੀਆਂ, ਤਵਾ ਨੁਮਾ ਗੋਲ ਪਤਲੀਆਂ ਤੇ ਪਤੰਗਾ ਜੇਸੀਆਂ ਮੱਛੀਆਂ ਦਾ ਇਹ ਵਿਸ਼ਾਲ ਸੰਗ੍ਰਹਿ ਦਰਸਾਂਦਾ ਹੈ ਕਿ ਸਮੁੰਦਰੀ ਜੀਵ ਕਿੰਨੀ ਸੁੰਦਰਤਾ, ਕਿੰਨੇ ਡਿਜ਼ਾਈਨ, ਕਿੰਨੀ



Sri Satguru Jagjit Singh Ji Elibrary NamdhariElibrary@gmail.com

ਪ੍ਰਤਿਭਾ ਅਤੇ ਕਿੰਨੀ ਅਲੌਕਿਕਤਾ ਲਈ ਬੈਠੇ ਹਨ। ਇਹਨਾਂ ਕੱਚ-ਬਕਸਿਆਂ ਵਿਚ ਪਾਣੀ ਅੰਦਰ ਉੱਗੀ ਬਨਸਪਤੀ ਅਤੇ ਪਥਰਾਂ ਦੀ ਖੂਬਸੂਰਤੀ ਬਹੁ-ਪ੍ਰਕਾਰੀ ਹੈ। ਏਥੇ ਅਸਾਂ ਸਮੁੰਦਰੀ ਜੀਵਾਂ ਦੇ ਖੋਲਾਂ ਤੋਂ ਬਣੀਆਂ ਅਨੇਕਾਂ ਵਸਤਾਂ ਵੀ ਵੇਖੀਆਂ।

ਵਾਹ ਓਏ ਬੰਦਿਆ ਤੂੰ ਵੇਖਣ ਨੂੰ ਭਾਵੇਂ ੫-੬ ਫੁਟ ਤੋਂ ਵਡਾ ਨਹੀਂ ਪਰ ਸਮਰਥਾ ਤੇਰੀ ਈਸ਼ਵਰੀ ਸ਼ਕਤੀਆਂ ਤੇ ਵੀ ਕਾਬੂ ਪਾਉਣ ਤਕ ਦੀ ਹੈ। ਜਿਨ੍ਹਾਂ ਨੂੰ ਹੁਣ ਤਕ ਪੂਜਦਾ ਆਇਆ ਹੈਂ ਉਹਨਾਂ ਨੂੰ ਆਪਣੇ ਅਧੀਨ ਕਰ ਕੇ ਆਪਣੇ ਸੁਖ-ਸੁਆਦ ਤੇ ਸਰਦਾਰੀ ਸਥਾਪਤ ਕਰਦਾ ਚਲਾ ਜਾ ਰਿਹਾ ਹੈਂ।

ਇਸ ਧਰਤੀ ਮਹਿ ਤੇਰੀ ਸਿਕਦਾਰੀ,
ਅਵਰ ਜੋਨ ਤੇਰੀ ਪਨਿਹਾਰੀ।

## ਸਮੁੰਦਰ ਕਿਨਾਰੇ

ਦੁਪਹਿਰ ਬੜੀ ਤਿੱਖੜ ਸੀ। ਪਰ ਸਮੁੰਦਰ ਨਾਲ ਮੁਲਾਕਾਤ ਕਰਨ ਨੂੰ ਮਨ ਲੋਚਦਾ ਹੀ ਲੋਚਦਾ ਸੀ। ਭਾਵੇਂ ਅਸੀਂ ੩ ਅਪਰੈਲ ਦੇ ਬੰਬਈ ਆਏ ਹੋਏ ਸਾਂ ਪਰ ਸਮੁੰਦਰ ਕੰਢੇ ਬੈਠ ਪਾਣੀ ਦੇ ਕਲੋਲਾਂ ਨਾਲ ਸਾਂਝ ਪਾਉਣ ਦਾ ਵਿਹਲਾ ਸਮਾਂ ਅਜੇ ਵੀ ਨਹੀਂ ਸੀ ਮਿਲਿਆ।

੧੨ ਵਜ ਚੁਕੇ ਸਨ। ਅਸੀਂ ਚੁਪਾਟੀ ਦੇ ਜਲ ਬੰਨ੍ਹ ਤੇ ਮਚੇ ਮਚੇ ਚਲੇ ਜਾ ਰਹੇ ਸਾਂ। ਹਿਚਕੋਲੇ ਲੈਂਦਾ ਮਹਾਨ ਸਾਗਰ ਘੜੀ ਮੁੜੀ ਸੜਕ ਨਾਲ ਦੇ ਬੰਨ੍ਹ ਨਾਲ ਟੱਕਰਾਂ ਮਾਰ ਰਿਹਾ ਸੀ ਪਰ ਬੰਬਈ ਸੀ ਕਿ ਇਸ ਤੇ ਇਸ ਦਾ ਕੁਛ ਪ੍ਰਭਾਵ ਨਹੀਂ ਸੀ ਪੈ ਰਿਹਾ। ਮਨੁੱਖ ਅੱਜ ਜਿੰਨਾ ਬਲਵਾਨ ਕਦੇ ਨਹੀਂ ਹੋਇਆ। ਸਮੁੰਦਰ ਦੀਆਂ ਸਾਰੀਆਂ ਖਸਲਤਾਂ ਸਮਝ ਗਿਆ ਹੈ। ਕਦੋਂ ਇਸ ਨੇ ਘਟਣਾ ਵਧਣਾ ਹੈ। ਵਧ ਤੋਂ ਵਧ ਇਹ ਕਿੰਨਾ ਅਤੇ ਕਿਥੋਂ ਨੁਕਸਾਨ ਕਰ ਸਕਦਾ ਹੈ। ਸਾਰੇ ਅਰਬੇ ਖਰਬੇ ਮੇਲ ਕੇ ਹੀ ਇਸ ਨੇ ਸਮੁੰਦਰ ਦੇ ਐਨ ਕੰਢੇ ਉਤੇ ੨੧-੨੧ ਛਤਾਂ ਤਕ ਦੀਆਂ ਬਿਲਡਿੰਗਾਂ ਬਣਾ ਕਢੀਆਂ ਹਨ। ਨਿਊਯਾਰਕ, ਵੈਨਕੂਵਰ ਆਦਿ ਸ਼ਹਿਰਾਂ ਵਿਚ ਇਸ ਤੋਂ ਵੀ ਅਨੇਕਾਂ ਗੁਣਾ ਵਧ ਦੇ ਅਸਮਾਨ ਛੂੰਹਦੇ ਭਵਨ ਹਨ। ਚੁਪ ਹੀ ਭਲੀ ਹੈ। ਬੰਦੇ ਦੀ ਗੱਲ ਹੀ ਨਾ ਹਿਲਾਓ।

ਭਾਵੇਂ ਅਸਾਂ ਅੱਧਾ ਮੀਲ ਜਲ-ਬੰਨ੍ਹ ਤੇ ਤੁਰ ਲਿਆ ਸੀ, ਪਰ ਸਾਗਰ ਪਾਣੀਆਂ ਦੀ ਛੁਹ ਤੋਂ ਅਜੇ ਵੀ ਵਿਰਵੇ ਹੀ ਸਾਂ। ਸੋ ਚੁਪਾਟੀ ਦੇ ਬਰ੍ਹੇਤੇ ਉਲੰਘ ਕੇ ਉਕਾ ਹੀ ਛੱਲਾਂ ਦੀ ਮਾਰ ਤਕ ਅਪੜ ਗਏ। ਜੋੜੇ ਜਰਾਬਾਂ ਲਾਹ ਕੇ ਹੱਥੀਂ ਫੜ ਲਏ, ਪਜਾਮੇ ਉਚੇ ਕਰ ਲਏ ਅਤੇ ਪਾਣੀ ਦੀਆਂ ਲਹਿਰਾਂ ਦੇ ਕਿਨਾਰਿਆਂ ਵਾਲੇ ਰੇਤੇ ਉਤੇ ਚਲਣਾ ਸ਼ੁਰੂ ਕੀਤਾ। ਅਪ੍ਰੈਲ ਦੀ ਦੁਪਹਿਰੀ ਦਾ ਸਾੜ ਸਾਨੂੰ ਸਾਗਰ ਦੀ ਨੇੜਤਾ ਮਹਿਸੂਸ ਨਹੀਂ ਸੀ ਹੋਣ ਦਿੰਦੀ। ਮਨਚਲੀਆਂ ਸਮੁੰਦਰੀ ਲਹਿਰਾਂ ਪਲਸੇਟੇ ਲੈਂਦੀਆਂ, ਅੰਦਰੋਂ ਬਾਹਰ ਵਲ ਨੂੰ ਜਾਂਦੀਆਂ ਸ਼ਕਤੀਸ਼ਾਲੀ ਰੂਪ ਨਾਲ ਕੰਢੇ ਉਤੇ ਵਾਰ ਕਰਦੀਆਂ। ਕੰਢਾ ਕੋਈ ਪੱਕਾ ਪੁਖਤਾ ਨਹੀਂ ਸਗੋਂ ਸਮੁੰਦਰ ਵਲ ਨੂੰ ਪੇਤਲਾ ਰੇਤਾ ਹੀ ਸੀ। ਸਮੁੰਦਰ ਹਮੇਸ਼ਾ ਸਫਾਈ ਵਿਚ ਯਕੀਨ ਰੱਖਦਾ ਹੈ। ਉਹ ਅੰਦਰਲਾ, ਮਨੁਖ ਸੁਟਿਆ ਗੰਦ ਬਾਹਰ ਕਿਨਾਰੇ ਉਤੇ ਲਿਆ ਸੁਟਦਾ ਹੈ। ਬੰਬਈ ਦਾ ਬੰਦਾ ਆਪਣੇ ਗੰਦੇ ਨਾਲਿਆਂ ਦੁਆਰਾ ਸਾਰੇ ਬੰਬਈ ਮਹਾਨਗਰ ਦਾ ਗੰਦ ਲੱਖਾਂ ਟਨਾਂ ਦੀ ਮਿਕਦਾਰ ਵਿਚ ਸਮੁੰਦਰ ਅੰਦਰ ਸੁਟ ਰਿਹਾ ਹੈ। ਪਰ ਉਹ ਬਹੁਤ ਹੱਦ ਤਕ ਉਸ ਨੂੰ ਸਾਫ ਕਰ ਕੇ ਮੋਟਾ ਮੋਟਾ ਕੂੜਾ ਹੀ ਬੰਦੇ ਦੇ ਮੱਥੇ ਮਾਰਦਾ ਹੈ।

## ਬ੍ਰਿਜ ਕੁਟੀਰ ਵਿਚ

੩ ਵਜੇ ਬਾਅਦ ਦੁਪਹਿਰ ਮੈਂ ਅਤੇ ਗੁਰਦੇਵ ਸਿੰਘ ਨੇਪੀਅਨ ਸੀ ਰੋਡ ਤੇ ਸਥਿਤ 'ਬ੍ਰਿਜ ਕੁਟੀਰ' ਵਿਚ ਗਏ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹਨਾਂ ਦਸਿਆ ਕਿ ਅੱਜ ਉਹ ਅਫਗਾਨ ਸਫਾਰਤਖਾਨੇ ਦੇ ਉਸ ਅਧਿਕਾਰੀ ਜੋੜੇ ਨੂੰ ਮਿਲਣਗੇ ਜਿਸ ਨੇ ਸੰਗੀਤ ਸੁਣਨ ਵਿਚ ਕਦੇ ਨਾਗਾ ਨਹੀਂ ਪਾਇਆ। ਛੇਤੀ ਹੀ ਸਤਿਗੁਰੂ ਜੀ ਸ੍ਰ. ਮਨਚੰਦਾ ਤੇ ਸਾਬਕਾ ਸਕਤਰ ਗੁਰਭਜਨ ਸਿੰਘ ਨਾਲ ਅਫਗਾਨ ਦੇ ਸਰਕਾਰੀ ਵਪਾਰ ਦਫਤਰ ਵਲ ਚਲੇ ਗਏ।

## ਧਨਾਢ ਸਿੰਧੀ ਪਰਵਾਰ ਕਲ

ਸਤਿਗੁਰੂ ਜੀ ਦੇ ਬ੍ਰਿਜ ਕੁਟੀਰ ਵਿਚ ਵਾਪਸ ਆਉਣ ਤਕ ਸਿੰਧੀ ਭਾਈ ਸ੍ਰੀ ਸ੍ਰੀ ਚੰਦ ਅਤੇ ਸ੍ਰੀ ਦੌਲਤ ਰਾਮ ਇਹਨਾਂ ਨੂੰ ਨਾਲ ਲੈ ਜਾਣ ਲਈ ਪਹੁੰਚ ਚੁਕੇ ਸਨ। ਉਹਨਾਂ ਆਪਣੀ ਕਾਰ ਵਿਚ ਇਕ ਸਫੈਦ ਅਤੇ ਫੁਲਦਾਰ ਗਲੀਚਾ ਵਿਛਾਇਆ ਹੋਇਆ ਸੀ। ਗੁਰੂਆਂ ਦਾ ਅਦਬ ਅਦਾਬ ਜਿਵੇਂ ਉਹਨਾਂ ਨੂੰ ਆਉਂਦਾ ਸੀ। ਆਮ ਕਰਕੇ ਸਤਿਗੁਰੂ ਜੀ ਅਜਿਹੀਆਂ ਬਸਤਰਾਂ ਉਤੇ ਆਪਣੀ ਸੀਟ ਦਾ ਇਸਤੇਮਾਲ ਹੀ ਕਰਦੇ ਹਨ। ਸੇਵਕਾਂ ਨੇ ਇਸ ਵਿਛਾਈ ਤੇ ਸੀਟ ਰਖੀ, ਆਪ ਜੀ ਬੈਠ ਗਏ। ਮੈਨੂੰ ਵੀ ਨਾਲ ਚੱਲਣ ਦਾ ਮਾਣ ਬਖਸ਼ਿਆ। ਮੂਹਰਲੀ ਸੀਟ ਸ: ਸੁਰਿੰਦਰ ਸਿੰਘ ਮਨਚੰਦਾ ਨੇ ਮੱਲ ਲਈ। ਦੂਜੀ ਕਾਰ ਵਿਚ ਸੰਤ ਮਹਿੰਦਰ ਸਿੰਘ ਪੂਰਬਾ, ਸ੍ਰੀ ਗੁਰਭਜਨ ਸਿੰਘ ਅਤੇ ਸ੍ਰੀ ਦੌਲਤ ਰਾਮ ਚਲ ਪਏ। ਤੀਜੀ ਵਿਚ ਸ੍ਰੀ ਚੰਦ ਤੇ



Sri Satguru Jagjit Singh Ji Elibrary NamdhariElibrary@gmail.com

ਉਹਨਾਂ ਦਾ ਤੀਸਰਾ ਭਾਈ ਅਤੇ ਗੁਰਦੇਵ ਸਿੰਘ ਨੇ ਪਿੱਛਾ ਕਰ ਲਿਆ।

ਗੱਡੀ ਵਿਚ ਜਾਂਦਿਆਂ ਮੇਰੇ ਨਾਲ ਸਤਿਗੁਰਾਂ ਬਚਨ ਕੀਤਾ : ਅਜ ਥੋੜਾ ਜਿੰਨਾ ਸਮਾ ਵੀ ਆਰਾਮ ਨੂੰ ਨਹੀਂ ਮਿਲਿਆ ਮੈਂ ਸਿੰਧੀਆਂ ਵਲ ਜਾਣੋਂ ਇਨਕਾਰ ਕਰ ਦਿਤਾ ਸੀ ਪਰ ਇਹ ਤਿੰਨੇ ਭਾਈ 'ਤਾਜ' ਵਿਚ ਪਹੁੰਚ ਗਏ। ਇਹਨਾਂ ਦੀ ਇਸ ਪਹੁੰਚ ਤੇ ਭਗਤੀ ਭਰੇ ਹਿਰਦੇ ਵੀ ਪ੍ਰਾਰਥਾ ਅਗੇ ਮੇਰਾ ਇਰਾਦਾ ਟਿਕਿਆ ਨਹੀਂ ਰਿਹਾ।

ਅਤੇ ਅਸੀਂ ਛੇਤੀ ਹੀ ਪੇਡਰ ਰੋਡ ਤੇ 'ਨੀਲਾ ਬਰ' ਬਿਲਡਿੰਗ ਦੇ ਪਾਸ ਪਹੁੰਚ ਗਏ। ੨੧ ਛੱਤੀ ਬਿਲਡਿੰਗ ਦਾ ਹੇਠਲਾ ਹਿਸਾ ਮਰਮਰੀ ਸੀ ਤੇ ਇਹ ਸ਼ਾਨਾਮੱਤੀ ਬਿਲਡਿੰਗ ਬੰਬਈ ਵਲ ਝਾਕਦੀ ਕਿਸੇ ਗਰਬੀਲੀ ਨਾਰ ਵਾਂਗ ਖਲੋਤੀ ਸੀ, ਹਰ ਤਰ੍ਹਾਂ ਦੀ ਸ਼ੋਭਾ, ਜ਼ਰੂਰਤ ਤੇ ਖੂਬਸੂਰਤੀ ਨਾਲ। ਵੀਹਵੀਂ ਛੱਤ ਉਤੇ ਸ੍ਰੀ ਦੌਲਤ ਰਾਮ ਜੇ. ਸਦਾ ਰੰਗਾਨੀ ਦੀ ਰਿਹਾਇਸ਼ ਸੀ। ਇਹ ਵਿਸ਼ਾਲ ਅਤੇ ਸੁੰਦਰਤਮ ਫਲੈਟ, ਦੂਜੇ ਅਰਥਾਂ ਵਿਚ ਸਾਰੀ ੨੧ਵੀਂ ਛੱਤ ਦਾ ਇਹੋ ਮਾਲਕ ਸੀ। ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕਰਨ ਲਈ ਸਾਰੇ ਭਰਾ ਏਸੇ ਫਲੈਟ ਵਿਚ ਇਕੱਠੇ ਹੋਏ ਹੋਏ ਸਨ। ਉਹਨਾਂ ਦੀਆਂ ਸੁਪੱਤਨੀਆਂ ਅਤੇ ਬੱਚੇ ਸ਼ਰਧਾ ਅਭਿਵਾਦਨ ਕਰਦੀਆਂ ਗੁਰੂ ਦਰਸ਼ਨਾਂ ਨੂੰ ਆਈਆਂ।

ਸਤਿਗੁਰੂ ਜੀ ਨੇ ਆਪਣੇ ਲਈ ਵਿਛੇ ਸੋਫੇ ਉਤੋਂ ਨੀਲੇ ਫੁਲਾਂ ਵਾਲੇ ਸਫੈਦ ਕਪੜੇ ਨੂੰ ਉਠਵਾਇਆ ਅਤੇ ਫਿਰ ਕੇਵਲ ਸਫੈਦ ਬਸਤਰ ਉਤੇ ਬੈਠੇ। ਘਰ ਦੀ ਮਲਕਾ ਨੇ ਆਪਣੇ ਪਤੀ ਨੂੰ ਇਕ ਭਾਰੀ ਭਰਕਮ ਸੁਆਗਤ ਲਿਆਕੇ ਦਿਤਾ। ਸਤਿਗੁਰੂ ਜੀ ਨੇ ਗਲੇ ਵਿਚ ਪੁਆਕੇ ਫਿਰ ਲਾਹ ਕੇ ਇਕ ਪਾਸੇ ਟਿਕਾ ਦਿਤਾ। ਅਤੇ ਵਾਰਤਾਲਾਪ ਸ਼ੁਰੂ ਹੋ ਗਿਆ।

ਘਰ ਵਾਲਿਆਂ ਨੇ ਅਨੇਕ ਪਰਕਾਰ ਦੀ ਮਿਠਾਈ, ਨਮਕੀਨ ਨਾਰੀਅਲ ਜਲ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਅਤੇ ਸਾਡੇ ਲਈ ਲਿਆਂਦਾ। ਸਤਿਗੁਰੂ ਜੀ ਨੇ ਸਵੀਕਾਰਨੋਂ ਇਨਕਾਰ ਕਰ ਦਿਤਾ। ਸ੍ਰੀ ਸਤਿਗੁਰੂ ਜੀ ਨੇ ਵਿਆਖਿਆ ਸਹਿਤ ਦਸਿਆ ਕਿ ਉਹ ਉਸੇ ਦੇ ਘਰ ਦਾ ਅੰਨ ਜਲ ਗ੍ਰਹਿਣ ਕਰਦੇ ਹਨ ਜੁ ਭਜਨ ਲੈ ਲਵੇ।

ਦੌਲਤ ਰਾਮ ਜੀ ਨੇ ਆਪਣੇ ਘਰ ਦੇ ਇਕ ਇਸਤਰੀ ਮੈਂਬਰ ਨੂੰ ਅੱਖ ਦੇ ਇਸ਼ਾਰੇ ਨਾਲ ਪੁਛਿਆ। ਉਸ ਨਾਂਹ ਵਿਚ ਸਿਰ ਹਿਲਾ ਦਿਤਾ, ਸ੍ਰੀ ਸ੍ਰੀ ਚੰਦਰ ਜੀ ਤਾਂ ਬੜੇ ਉਤ-ਸ਼ਕ ਵੀ ਦਿਸਦੇ ਸਨ ਤੇ ਡਰਦੇ ਵੀ ਸਨ ਕਿ ਉਹਨਾਂ ਦੇ ਗਲ ਨਾਮਧਾਰੀਆਂ ਵਾਲੇ ਬੰਧਨ ਨਾ ਪੈ ਜਾਣ!

ਸਤਿਗੁਰੂ ਜੀ ਨੇ ਅਨੇਕਾਂ ਮਿਸਾਲਾਂ ਦੇ ਕੇ ਦਸਿਆ ਕਿ ਭਾਰਤੀ ਸਭਿਅਤਾਂ ਕਿਵੇਂ ਸਰੇਸ਼ਟ ਤੇ ਸਿਰਮੌਰ ਹੈ ਅਤੇ ਕਿਵੇਂ ਇਸ ਨੂੰ ਢਾਹ ਲਗਦੀ ਚਲੀ ਜਾ ਰਹੀ ਹੈ। ਜਿਨ੍ਹਾਂ ਨੇ ਵੱਡਿਆਂ ਬਣਨਾ ਹੁੰਦਾ ਹੈ ਅਤੇ ਜੋ ਹਕੀਕਤ ਵਿਚ ਵਡੇ ਹੁੰਦੇ ਹਨ ਉਹ ਪਾਣੀ ਦੇ ਬਹਾਉ ਨਾਲ ਨਹੀਂ ਵਹਿੰਦੇ। ਸਗੋਂ ਡੂੰਘੀਆਂ ਮਾਨਸਿਕ ਜੜ੍ਹਾਂ ਕਾਰਨ ਆਪਣੀ ਸਥਿਤੀ ਨੂੰ ਗੁਆਚਣ ਨਹੀਂ ਦਿੰਦੇ। ਸਿੰਧੀ ਪਰਵਾਰ ਵਲੋਂ ਬਹੁਤ ਸਾਰੇ ਪਦਾਰਥ ਆਏ ਪਰ ਸਤਿਗੁਰੂ ਜੀ ਨੇ ਦਸਿਆ : ਮੈਂ ਤਾਂ ਸਿਰਫ ਇਨ੍ਹਾਂ ਦੋਹਾਂ (ਪੂਰਵਾਂ ਅਤੇ ਮਨਚੰਦਾ ਵਲ ਇਸ਼ਾਰਾ ਕਰਕੇ) ਹਥੋਂ ਹੀ ਖਾ ਸਕਦਾ ਹਾਂ ਜੋ ਮੇਰੇ ਨਿਯਮ ਪਾਲਦੇ ਹਨ। ਤੁਸੀਂ ਇਹਨਾਂ (ਸਾਡੇ ਵਲ ਇਸ਼ਾਰਾ ਕਰਕੇ) ਨੂੰ ਖਵਾ ਦਿਓ। ਫਿਰ ਗੁਰਦੇਵ ਸਿੰਘ ਹਰਭਜਨ ਸਿੰਘ ਅਤੇ ਮੈਂ ਥੋੜਾ ਥੋੜਾ ਛਕ ਲਿਆ।

ਬੜਾ ਵਿਸ਼ਾਲ ਡਰਾਇੰਗ ਰੂਮ ਸੀ। ਥੱਲੇ ਮਾਡਰਨ ਆਰਟ ਦੀ ਕਢਾਈ ਦਾ ਨਮੂਨਾ ਫ਼ਰਸ਼,ਦੀਵਾਰਾਂ ਤੇ ਦੂ ਕੂ ਮਾਡ-ਰਨ ਆਰਟ ਦੇ ਹੀ ਚਿੱਤਰ ਅਤੇ ਹੋਰ ਅਜੋਕੀਆਂ ਲੋੜਾਂ ਦੇ ਸਮਝ ਨਾਲ ਆਕਰਸ਼ਕ ਸਜਾਵਟ ਦਸਦੀ ਸੀ ਕਿ ਪਰਵਾਰ ਆਰ-ਥਕ ਉਚਾਈਆਂ ਦੀਆਂ ਸਿਖਰਾਂ ਉਤੇ ਹੈ। ਪਰੋਸੀ ਗਈ ਸਾਰੀ ਸਮਗਰੀ ਚਾਂਦੀ ਦੇ ਬਰਤਨਾਂ ਵਿਚ ਸੀ ਪਰ ਸਤਿਗੁਰੂ ਜੀ ਨੇ ਆਪਣੀ ਸ਼ਰਤ ਪੂਰੀ ਨਾ ਹੋਣ ਕਾਰਨ ਕੁਛ ਵੀ ਪਰਵਾਨ ਨਾ ਕੀਤਾ ਅਤੇ ਆਪਣੇ ਵਤੀਰੇ ਤੋਂ ਦਸ ਦਿਤਾ ਕਿ ਦੌਲਤ ਦੀ ਬਹੁਤਾਤ ਦਾ ਵਿਖਾਵਾ ਉਨ੍ਹਾਂ ਨੂੰ ਨੇਮ ਤਿਆਗਣ ਤੇ ਮਜਬੂਰ ਨਹੀਂ ਕਰ ਸਕਦਾ।

੨੦ ਕੁ ਮਿੰਟ ਬਾਅਦ ਸਤਿਗੁਰੂ ਜੀ ਪਰਵਾਰ ਤੋਂ ਵਿਦਾ ਹੋਏ। ਸ੍ਰੀ ਚੰਦ ਜੀ ਨੇ ਆਖਿਆ। ਮਹਾਰਾਜ, ਮੈਂ ਆਪ ਜੀ ਤੋਂ ਬਹੁਤ ਕੁਝ ਸਿਖਿਆ ਸਮਝਿਆ ਹੈ। ਮੇਰਾ ਜੀ ਵੀ ਕਰਦਾ ਹੈ ਨਾਮ ਲੈ ਲਵਾਂ। ਪਰ ਡਰ ਲਗਦਾ ਹੈ ਜੇ ਨੇਮਾਵਲੀ ਪੂਰੀ ਨਾ ਹੋ ਸਕੀ ਤਾਂ ਆਪ ਤੋਂ ਝੂਠਾ ਪਵਾਂਗਾ। ਸਾਰੇ ਭਰਾ ਪੰਜ ਸਨ ਹੁਣ ਹਾਜ਼ਰ ਤਿੰਨ ਹੀ ਸਨ। ਉਹ ਬੜੇ ਅਦਬ ਨਾਲ ਲਿਫਟ ਰਾਹੀਂ ਸ੍ਰੀ ਸਤਿਗੁਰੂ ਜੀ ਦੀ ਤਾਬਿਆ ਵਿਚ ਹੇਠਾਂ ਤਕ ਆਏ ਅਤੇ ਕਾਰਾਂ ਦੁਆਰਾ ਬ੍ਰਿਜਕੁਟੀਰ ਤਕ ਛਡਣ ਪਹੁੰਚੇ। ਖਿਮਾਂ ਮੰਗਦਿਆਂ ਹੀ ਵਾਪਸ ਪਰਤੇ।

**ਬ੍ਰਿਜ ਕੁਟੀਰ**

ਕੋਈ ੪.੨੦ ਤੇ ਅਸੀਂ ਬ੍ਰਿਜ ਕੁਟੀਰ ਪਹੁੰਚੇ ਸਾਂ। ਅਗੇ ਲਿਫਟ ਖਰਾਬ। ਦਸਵੀਂ ਮਨਜ਼ਲ ਤੇ ਜਾਣਾ ਸੀ। ਸ੍ਰੀ ਸਤਿਗੁਰੂ ਜੀ ਨੇ ਪੌੜੀਆਂ ਵਲ ਧਾਈ ਕਰ ਦਿਤੀ। ਮੈਂ ਵੀ



Sri Satguru Jagjit Singh Ji Elibrary NamdhariElibrary@gmail.com

ਪਿਛੇ ਪਿਛੇ ਹੋ ਲਿਆ। ਚਾਰ ਕੁ ਮਨਜ਼ਲਾਂ ਤੇ ਜਾਕੇ ਮੈਨੂੰ ਧੀਰਜ ਨਾਲ ਚਲਣ ਦਾ ਆਦੇਸ਼ ਦੇ ਕੇ ਆਪ ਦੋ-ਦੋ ਪੌੜੀਆ ਇਕੱਠੀਆਂ ਛਡਣ ਲਗੇ। ਮੈਂ ਵੀ ਛੇਤੀ ਹੀ ਪਹੁੰਚ ਗਿਆ।

**ਸਪੂਤਨਿਕ**

ਸਪੂਤਨਿਕ ਵਿਚ ਆਕੇ ਵੇਖਿਆ ਗੁਰਦੇਵ ਸਿੰਘ ਸੰਗੀਤ ਸਮੇਲਨ ਦੇ ਅਜ ਦੇ ਸਮਾਗਮ ਦੀਆਂ ਤਿਆਰੀਆਂ ਹਿਤ ਟੈਲੀਫੋਨ ਦੀ ਡਾਇਲ ਘੁਮਾ ਰਿਹਾ ਸੀ। ਉਸਤਾਦ ਨਾਸਰ ਅਮੀਨੁਦੀਨ ਡਾਗਰ ਲਈ ਕਾਰ ਦਾ ਪ੍ਰਬੰਧ ਕਰਨਾ ਸੀ। ਰਾਜਨ-ਸਾਜਨ ਮਿਸ਼ਰਾ ਬੰਦੂਆਂ ਵਾਸਤੇ ਤਬਲਾਵਾਦਕ ਢੂੰਡਣਾ ਸੀ। ਅਪਣੇ ਵਕਤ ਸਿਰ ਨ ਪਹੁੰਚਣ ਦੀ ਸੰਭਾਵਨਾ ਤੋਂ ਠਾਕੁਰ ਉਦੈ ਸਿੰਘ ਜੀ ਨੂੰ ਸਮੇਂ ਤੋਂ ਜ਼ਰਾ ਕੁ ਪਹਿਲਾਂ ਮਾਤੁਸ਼੍ਰੀ ਹਾਲ ਪਹੁੰਚਣ ਲਈ ਪੱਕੀ ਕੀਤੀ ਜਾ ਰਹੀ ਸੀ। ਖਿਆਲ ਸੀ ਅਜੀਂ ਅਜ ਨਹਿਰੂ ਪੈਲੇਨੇਟੋਰੀਅਮ ਵੇਖਾਂਗੇ, ਪਰ ਗੱਲ ਬਣੀ ਨਹੀਂ।

**ਮਾਤੂ ਸ਼੍ਰੀ ਸਭਾਗਾਰ**

ਜਦੋਂ ਅਸੀਂ ਸਪੂਤਨਿਕ ਵਾਸੀ ਮਸਾਂ ਹੀ ੮ ਕੁ ਵਜੇ ਮਾਤੂਸ੍ਰੀ ਹਾਲ ਵਿਚ ਪਹੁੰਚੇ ਤਾਂ ਅਗੇ ਉਸਤਾਦ ਨਾਸਰ ਅਮੀਨੁਦੀਨ ਡਾਗਰ ਦਾ ਯਮਨ ਵਿਚ ਆਲਾਪ ਚਲ ਰਿਹਾ ਸੀ। ਲੰਮੇ ਰਖ ਕੇ ਕੱਟੇ ਹੋਏ ਵਾਲ ਪਿਛਾਂਹ ਸੁੱਟੇ ਹੋਏ, ਭਰਵਾ ਸਰੀਰ, ਫਬਵਾਂ ਕਲੀਨ ਸ਼ੇਵ ਮੁਖੜਾ, ਡਾਗਰ ਜੀ ਦੋਹਾਂ ਹਥਾਂ ਦੀਆਂ ਵੱਖ ਵੱਖ ਮੁਦ੍ਰਾਵਾਂ ਬਣਾਂਦੇ ਆਲਾਪ ਫ਼ਰਮਾ ਰਹੇ ਸਨ।

ਸ੍ਰੀ ਸਤਿਗੁਰੂ ਜੀ ਮੰਚ ਉਪਰ ਆਪਣੇ ਆਸਣ ਤੇ ਸੁਸ਼ੋਭਤ ਸਨ। ਸਤਿਗੁਰੂ ਜੀ ਦੇ ਸਥਾਨ ਦੁਆਲੇ ਗੇਂਦੇ ਤੇ ਗੁਲਾਬ ਦੇ ਫੁਲਾਂ ਦੇ ਘੇਰੇ ਵਲੇ ਹੋਏ ਹਨ। ਸਤਿਗੁਰੂ ਜੀ ਸੰਦੇਹ ਵਾਂਕ ਆਪਣਾ ਨਿਤਨੇਮ ਕਰ ਰਹੇ ਹਨ ਤੇ ਜਿਸੇ ਆਦੇਸ਼ ਦੇਣ ਦੀ ਲੋੜ ਭਾਸੇ ਤਾਂ ਲਿਖਕੇ ਦੱਸ ਦਿੰਦੇ ਹਨ। ਸਤਿਗੁਰੂ ਜੀ ਦੀ ਤਾਬਿਆ ਵਿਚ ਕਿਤ ਬੈਠਣ ਵਾਲਿਆਂ ਵਾਲਿਆਂ ਵਿਚ ਅਜ ਮਨਚੰਦਾ ਵੀ ਆ ਜੁੜਿਆ ਹੈ।

**ਉਸਤਾਦ ਡਾਗਰ**

ਡਾਗਰ ਸਾਹਿਬ ਨੇ ਸਮਾ ਬੰਨ੍ਹ ਰਖਿਆ ਹੈ ਤੇ ਉਨ੍ਹਾਂ ਦੀ ਭਾਰੀ ਭਰਕਮ ਅਵਾਜ ਸਾਰੇ ਚੁਗਿਰਦੇ ਵਿਚ ਛਾਣੀ ਹੋਈ ਹੈ। ਉਸਤਾਦ ਵਲਾਇਤ ਖਾਂ ਦੀ ਸਰੋਦ ਦੇ ਆਸ਼ਕਾਂ ਨੇ ਹਾਲ ਦੀਆਂ ਤਮਾਮ ਸੀਟਾਂ ਪੁਰ ਕਰ ਰੱਖੀਆਂ ਹਨ। ਰਾਖਵੀਆਂ ਸੀਟਾਂ ਵੀ ਰਾਖਵੀਆਂ ਨਹੀਂ ਰਹੀਆਂ ਪਰ ਜਿਸ ਭਗਤੀ ਭਰੇ ਹਿਰਦੇ ਨਾਲ ਡਾਗਰ ਸਾਹਿਬ ਸਵਰ ਸਾਧਨਾ ਕਰ ਰਹੇ ਹਨ ਇਹ ਵੀ ਕੋਈ ਘੱਟ ਆਦਰਸ਼ਕ ਨਹੀਂ। ਇਕ ਇਕ ਸੁਰ ਨੂੰ ਉਨ੍ਹਾਂ ਨਿਖਾਰਿਆ, ਵਿਸਤਾਰਿਆ ਅਤੇ ਸ਼ਰੁਤੀਆਂ ਆਦਿ ਵਿਖਾਈਆਂ ਹਨ, ਇਸ ਦਾ ਵੀ ਕੋਈ ਸਾਨੀ ਨਹੀਂ। ਮਸਾਂ ਕਿਤੇ ਪੌਣੇ ਘੰਟੇ ਬਾਅਦ ਟੀਪ ਦਾ ਸਾ ਪਕੜਿਆ ਅਥਵਾ ਵਿਖਾਇਆ ਹੈ।

ਉਸਤਾਦ ਡਾਗਰ ਦੀ ਪਾਰਟੀ ਵਿਚ ਇਕ ਸਾਰੰਗੀ ਵਾਦਕ, ਦੂਜਾ ਤਬਲਾ ਵਾਦਕ ਸ੍ਰੀ ਅਰਜੁਨ ਸ਼ੇਜਵਾਲ ਅਤੇ ਦੋ ਤਾਨਪੂਰਿਆਂ ਵਾਲੇ ਲੜਕੀ ਲੜਕਾ ਹਨ। ਸਾਡਾ ਨਾਮਧਾਰੀ ਬੱਚਾ ਸੁਰਜੀਤ ਸਿੰਘ (ਸਾਰੰਗੀ) ਵੀ ਇਨ੍ਹਾਂ ਦੇ ਪਿਛੇ ਸ਼ੋਭਾ ਪ੍ਰਾਪਤ ਕਰ ਰਿਹਾ ਹੈ।

**ਇਕ ਬੀਬੀ ਵਲੋਂ ਭੇਟਾ**

ਸ੍ਰੀ ਸਤਿਗੁਰੂ ਜੀ ਪਾਸ ਇਕ ਬੀਬੀ ਜੀ ਆਏ ਉਨ੍ਹਾਂ ਨੇ ਆਦਰ ਤੇ ਸਨੇਹ ਭਰੇ ਸ਼ਬਦਾਂ ਨਾਲ ਹਜ਼ੂਰ ਦੀ ਸੇਵਾ ਵਿਚ ਇਕ ਪੈਕਟ ਪੇਸ਼ ਕੀਤਾ ਅਤੇ ਸੰਗੀਤ ਸਮੇਲਨ ਦੀ ਸਫਲਤਾ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ ਪੈਕਟ ਵਿਚ ਦੋ ਪੁਸਤਕਾਂ ਸਨ। ਉਪਰ ਇਕ ਲਿਫ਼ਾਫ਼ਾ। ਇਸ ਉਤੇ ਆਪਣਾ ਕਾਰਡ, ਜਿਸ ਤੇ ਲਿਖਿਆ ਸੀ : ਨਿਰਮਲਾ ਜ਼ਾਦਾਕੀਆ ਪਿਆਰ ਤੇ ਸਤਿਕਾਰ ਨਾਲ। ਐਡਰੈਸ— ਗਲੋਬ ਫੈਬਰਿਕ ਟਰੇਡੀਸ਼ਨ ਫੈਬਿਰਕਸ, ਪ੍ਰਾਈਵੇਟ, ਲਿਮਟਿਡ, ਮੈਡਨ ਮੈਨਸ਼ਨ, ੬੭ ਹਫਰੋਡ, ਬੰਬੇ, ੪੦੦੦੦੭ ਅਤੇ ਅਧਖੜ ਇਸਤਰੀ, ਜਿਸਨੇ ਚਿਟੇ ਕਪੜੇ ਪਾਏ ਹੋਏ ਸਨ, ਨੇ ਛੋਟਾ ਜਿਹਾ ਲਾਲ ਬਟੂਆ ਖੋਲ੍ਹ ਕੇ ਭਗਵਾਨ ਮਹਾਵੀਰ ਦੇ ਚਿੱਤਰ ਵਾਲਾ ਇਕ ਸਿਕਾ, ਪਲਾਸਟਿਕ ਦੀ ਡੱਬੀ ਸਮੇਤ ਸ੍ਰੀ ਹਜ਼ੂਰ ਦੇ ਭੇਟ ਕੀਤਾ।

**ਮਿਸ਼ਰਾ ਬੰਧੂ**

੧੦.੧੦ ਤੇ ਸ੍ਰੀ ਰਾਜਨ-ਸਾਜਨ ਮਿਸ਼ਰਾ ਬੰਧੂ ਸਟੇਜ ਤੇ ਆਏ। ਤੀਜਾ ਸ੍ਰੀ ਸਾਬਿਰ ਖਾਨ ਤਬਲਾ ਨਿਵਾਜ਼। ਇਹਨਾਂ ਨੇ ਆਕੇ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਸਤਿਗੁਰੂ ਜੀ ਨੇ ਫੁਲ ਹਾਰ ਗਲ੍ਹੇ ਪਾ ਕੇ ਕਲਾਕਾਰਾਂ ਨੂੰ ਆਸ਼ੀਰਵਾਦ ਦਿਤੀ।

ਮਿਸ਼ਰਾ ਭਰਾਵਾਂ ਨੇ ਰਾਗ ਪੂਰੀਆਂ ਦਾ ਆਲਾਪ ਸ਼ੁਰੂ ਕੀਤਾ। ਅੱਜ ਹਾਲ ਵਿਚ ਸਦਾ ਨਾਲੋਂ ਬਹੁਤੀ ਹਾਜ਼ਰੀ ਸੀ। ਰਾਹ ਲਾਂਘੇ, ਜਿਥੇ ਕਿਤੇ ਕਿਸੇ ਨੂੰ ਖਲੋਣ ਦੀ ਥਾਂ ਮਿਲੀ ਓਥੇ ਹੀ ਖੋਲ ਗਿਆ। ਏਧਰ ਓਧਰ ਕੋਨਿਆਂ ਵਿਚ ਵੀ ਸ਼ਰੋਤੇ ਅੜੇ ਖਲੋਤੇ ਸਨ ਜਾਪਦਾ ਸੀ ਜਿਵੇਂ ਸਤਿਗੁਰੂ ਜੀ ਦਾ ਚੋਕੜਾ ਕੱਲ ਰਾਤ ੭.੩੦ ਤੋਂ ਅਮ੍ਰਿਤ ਵੇਲੇ ਤਕ ਸਥਿਰ ਰਿਹਾ ਸੀ ਅੱਜ ਤਾਂ ਜਿਵੇਂ ੪ ਹੀ ਵਜ ਜਾਣਗੇ !



Sri Satguru Jagjit Singh Ji Elibrary NamdhariElibrary@gmail.com

ਰਾਜਨ-ਸਾਜਨ ਦੀਆਂ ਮ੍ਰਿਦ ਸੁਰਾਂ ਵਾਤਾਵਰਣ ਵਿਚ ਰਸ ਸੰਜਰ ਰਹੀਆਂ ਹਨ। ਵਾਰੀ ਵਾਰੀ ਦੋਹਾਂ ਨੌਜਵਾਨ ਭਰਾਵਾਂ ਦੇ ਲਗਦੇ ਸੁਰ ਸਰੋਤਿਆਂ ਨੂੰ ਜਿਵੇਂ ਜਾਦੂ-ਨਗਰੀ ਵਿਚ ਲਈ ਜਾ ਰਹੇ ਹਨ। ਸਟੇਜ ਵੀ ਮੱਲਿਆ ਜਾ ਰਿਹਾ ਹੈ। ਨਾਮਧਾਰੀ ਤੇ ਹੋਰ ਸਰੋਤੇ ਜਿਨ੍ਹਾਂ ਨੂੰ ਕਿਤੇ ਥਾਂ ਨਹੀਂ ਮਿਲੀ ਉਹ ਮੰਚ ਉਤੇ ਕਲਾਕਾਰਾਂ ਜੋਗ ਵਿਹਲ ਰਖ ਬੈਠਦੇ ਜਾ ਰਹੇ ਹਨ। ਜਾਪਦਾ ਹੈ ਅਜ ਲਾਂਘਿਆਂ ਵਿਚ ਵੀ ਪਬਲਿਕ ਖਲੋ ਜਾਵੇਗੀ।

੧੧ ਵਜਣ ਵਿਚ ਕੇਵਲ ੧੦ ਮਿੰਟ ਰਹਿ ਗਏ ਹਨ ਕਿ ਮਿਸ਼ਰਾ ਬੰਧੂਆਂ ਦਰੁਤ ਲੈਅ ਦੀ ਇਕ ਹੋਰ ਬੰਦਸ਼ ਗਾਉਣੀ ਸ਼ੁਰੂ ਕਰ ਦਿਤੀ "ਮੈਂ ਤੋਂ ਕਰਨਾ..." ਅਤੇ ਪਬਲਿਕ ਲਾਂਘਿਆਂ ਵਿਚ ਵੀ ਆ ਬੈਠੀ।

ਏਨੇ ਵਿਚ ਪੰਡਿਤ ਸ਼ਿਵ-ਹਰੀ ਦੀ ਜੋੜੀ ਆਈ ਕੁਝ ਹੋਰ ਵੀ ਸਾਥੀ ਨਾਲ ਸਨ ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਪਹਿਲੀ ਰੋ ਵਿਚ ਬੈਠਾਏ।

ਸਤਿਗੁਰੂ ਜੀ ਰਾਜਨ-ਸਾਜਨ ਹੁਰਾਂ ਨੂੰ ਹੋਰ ਵੀ ਉੱਚਾ ਖੜਨਾ ਚਾਹੁੰਦੇ ਹਨ। ਖਰਚ ਪੱਠਾ ਅਤੇ ਉਨ੍ਹਾਂ ਦੇ ਉੱਥਾਨ ਲਈ ਮੰਚ ਮੁਹਈਆਂ ਕਰਦੇ ਰਹੇ ਹਨ। ਦੂਜੇ ਦਰਜੇ ਦੇ ਕਲਾਕਾਰ ਤਾਂ ਉਹ ਹਨ ਹੀ ਪਰ ਸ਼੍ਰੀ ਹਜ਼ੂਰ ਏਨੇ ਮਿੱਠੇ ਬੰਦਿਆਂ ਨੂੰ ਪਹਿਲੇ ਦਰਜੇ ਵਿਚ ਛੇਤੀ ਹੀ ਲੈ ਆਉਣਾ ਚਾਹੁੰਦੇ ਹਨ। ਜਦੋਂ ਤੋਂ ਇਨ੍ਹਾਂ ਦਾ ਸਤਿਗੁਰੂ ਜੀ ਨਾਲ ਵਾਸਤਾ ਪਿਆ ਹੈ ਪ੍ਰੋਗਰਾਮ ਵੀ ਵਧ ਗਏ ਹਨ ਅਤੇ ਵੈਲਿਊ ਭੀ!

੧੧ ਵਜ ਗਏ। ਰਾਜਨ-ਸਾਜਨ ਨੇ ਤੇਜ਼ ਤਰ ਲੈਅ ਵਿਚ ਗਾਉਣਾ ਸ਼ੁਰੂ ਕੀਤੀ: "ਪੀਆ ਸੰਗ ਲਾਗੀ। ਲਗਨ ਮੋਰੀ ਲਾਗੀ।" ਸਤਿਗੁਰੂ ਜੀ ਨੇ ਮੁੱਢ ਵਿਚ ਹੀ ਕਹਿ ਦਿਤਾ ਸੀ: ਤੁਸਾਂ ਘੰਟਾ ਸਵਾ ਘੰਟਾ ਹੀ ਲਗਾਣਾ ਹੈ। ਅਤੇ ਇਸੇ ਹਿਸਾਬ ਨਾਲ ਸ੍ਰੀ ਰਾਜਨ ਅਗਵਾਈ ਦੇ ਰਹੇ ਹਨ।

ਮੈਂ ਸਟੇਜ ਉਤੇ ਬੰਬਈ ਦੇ ਕੁਝ ਸਰਕਰਦਾ ਨਾਮ-ਧਾਰੀਆਂ ਨੂੰ ਬੈਠੇ ਵੇਖ ਰਿਹਾ ਹਾਂ। ਦਰਜਨ ਭਰ ਵਿਅਕਤੀਆਂ ਚੋਂ ਮੈਨੂੰ ਕੇਵਲ ਸੂਬਾ ਹਵੇਲਾ ਸਿੰਘ ਜੀ, ਸ੍ਰ. ਅਜੀਤ ਸਿੰਘ, ਸੰਤ ਹਜ਼ੂਰਾ ਸਿੰਘ, ਠੇਕੇਦਾਰ ਬਚਨ ਸਿੰਘ ਅਤੇ ਪ੍ਰਧਾਨ ਕਰਤਾਰ ਸਿੰਘ ਜੀ ਦੇ ਨਾਮ ਹੀ ਯਾਦ ਹਨ।

੧੧.੧੫ ਤੇ ਰਾਜਨ-ਸਾਜਨ ਨੇ ਸਮਾਪਤੀ ਕੀਤੀ। ਸ਼ਰੋਤਿਆਂ ਵਿਚੋਂ ਹੋਰ ਵੀ ਕੁਝ ਸੁਣਾਨ ਦੀ ਮੰਗ ਉਠੀ। ਪਰਦਾ ਗਿਰਨ ਲਗਾ ਸੀ ਕਿ ਸਤਿਗੁਰੂ ਜੀ ਨੇ ਪੰਜ ਮਿਟ ਹੋਰ ਦੇ ਦਿਤੇ। ਰਾਜਨ ਨੇ ਇਕ ਟੱਪਾ ਚੁੱਕਿਆ: ਤੂੰ ਨਾ ਆਇਓਂ:

ਪਰਦਾ ਹੋਣ ਤੇ ਸਤਿਗੁਰੂ ਜੀ ਉਠਕੇ ਗਏ ਅਤੇ ਰਾਜਨ ਸਾਜਨ ਨੂੰ ਕੰਡ ਤੇ ਥਾਪੀ ਦਿਤੀ ਅਤੇ ਸਾਬਿਰ ਨੂੰ ਆਖਿਆ: ਬਹੁਤ ਅੱਛਾ!

ਇਕ ਬੀਬੀ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਆਖਿਆ: ਹਰੀ ਓਮ ਜੀ ਆਏ ਹਨ। ਇਹਨਾਂ ਨੂੰ ਆਪਣੇ ਲੁਧਿਆਣੇ ਸੁਣਿਆ ਸੀ। ਹੁਣ ਉਹ ਸਵਰ ਸਾਧਨਾ ਸਮਿਤੀ ਵਿਚ ਗਾਉਣ ਆਏ ਹਨ। ਸਤਿਗੁਰੂ ਜੀ ਨੇ ਹਰਭਜਨ ਸਿੰਘ ਸਿਤਾਰ ਨੂੰ ਕਿਹਾ ਕਿ ਉਹ ਜਾਕੇ ਲੈ ਆਵੇ ਪਰ ਬੀਬੀ ਆਪ ਹੀ ਉਨ੍ਹਾਂ ਨੂੰ ਲੈ ਆਈ। ਬੀਬੀ ਸਵਰ ਸਾਧਨਾ ਸਮਿਤੀ ਦੀ ਪ੍ਰਬੰਧਕਾ ਹੈ।

## ਸ੍ਰੀ ਸਤਿਗੁਰੂ ਜੀ

ਹੁਣ ਅੰਤਮ ਆਈਟਮ ਸੀ।

ਪ੍ਰੋ: ਸੁਖਬੀਰ ਗੁਲਾਟੀ ਸ਼੍ਰੀ ਅੱਲਾ ਰੱਖਾ ਜੀ ਨੂੰ ਪੇਸ਼ ਕਰਦਿਆਂ ਗ਼ਲਤੀ ਖਾ ਗਿਆ। ਦੁਹਰਾਉ ਵਿਚ ਫਿਰ ਗਲਤੀ ਕੀਤੀ। ਹੁਣ ਸ੍ਰੀ ਜਗਦੀਸ਼ ਸਿੰਘ "ਵਰਿਆਮ" ਸ਼ੁਧੀ ਕਰਨ ਗਏ ਪਰ ਇਹ ਵੀ ਅਸ਼ੁਧੀ ਕਰ ਆਏ ਅੰਤ ਸਤਿਗੁਰੂ ਜੀ ਨੇ ਆਪ ਮਾਈਕ ਲੈਕੇ ਦੱਸਿਆ ਕਿ ਉਸਤਾਦ ਅੱਲਾ ਰੱਖਾ ਜੀ ਉਸ ਮੀਆਂ ਕਾਦਰ ਬਖ਼ਸ਼ ਦੇ ਸ਼ਾਗਿਰਦ ਹਨ ਜਿਨ੍ਹਾਂ ਦੇ ਭਾਈ ਨਸੀਰ ਜੀ ਵੀ ਸ਼ਾਗਿਰਦ ਸਨ। ਅਤੇ ਭਾਈ ਨਸੀਰ ਜੀ ਦੇ ਸ਼ਾਗਿਰਦ ਮਹਾਰਾਜ ਬੀਰ ਸਿੰਘ ਜੀ ਅਤੇ ਇਹ ਆਪ ਵੀ ਹਨ। ਸਤਿਗੁਰੂ ਜੀ ਦੇ ਇਹਨਾਂ ਫਿਕਰਿਆਂ ਨੇ ਸਰੋਤਿਆਂ ਨੂੰ ਪ੍ਰਸੰਨਤਾ ਬਖਸ਼ੀ।

ਕਿਉਂਕਿ ਮਾਈਕ ਹੱਥ ਆ ਗਿਆ ਸੀ ਸੋ ਸਤਿਗੁਰੂ ਜੀ ਨੇ ਇਸ ਦੀ ਵਰਤੋਂ ਹੋਰ ਵੀ ਕਰ ਲਈ। ਆਪਣੇ ਵਲੋਂ ਅੰਤਮ ਸ਼ਬਦ ਵੀ ਕਹਿ ਦਿਤੇ। ਸਤਿਗੁਰਾਂ ਸ਼ਿਵ ਕੁਮਾਰ ਜੀ ਤੇ ਹਰੀ ਪ੍ਰਸਾਦ ਚੋਰਸੀਆ ਦੇ ਵਾਦਨ ਦੀ ਪ੍ਰਸ਼ੰਸਾ ਕੀਤੀ। ਨਾਮਧਾਰੀ ਸੰਗੀਤ ਬੰਬਈ ਨੂੰ ਸ਼ਾਬਾਸ਼ੀ ਦਿਤੀ ਜਿਸਨੇ ਘੱਟ ਪਦਾਰਥਕ ਵਸੀਲੇ ਹੋਣ ਤੇ ਕੰਮ ਬਹੁਤਾ ਕਰਕੇ ਸਮੇਲਨ ਨੂੰ ਸਫਲਤਾ ਲੈ ਦਿਤੀ ਹੈ। ਸ਼ਰੋਤਾ ਗਣ ਤੋਂ ਵੀ ਸੰਭਾਵਿਤ ਅਸੁਵਿਧਾ ਦੀ ਖਿਮਾ ਮੰਗੀ ਕਿਉਂਕਿ ਬੰਬਈ ਵਿਚ ਏਨੇ ਵਡੇ ਸਮਾਗਮ ਲਈ ਇਹ ਪਹਿਲਾ ਹੀ ਅਨੁਭਵ ਸੀ। ਸਤਿਗੁਰਾਂ ਨਵੇਂ ਕਲਾਕਾਰਾਂ ਨੂੰ ਅਗੇ ਲਿਆਉਣ ਲਈ ਵੀ ਆਯੋਜਕਾਂ ਨੂੰ ਪ੍ਰੇਰਣਾ ਦਿਤੀ।



Sri Satguru Jagjit Singh Ji Elibrary NamdhariElibrary@gmail.com



ਉਸਤਾਦ ਵਲਾਇਤ ਹੁਸੈਨ ਖਾਂ

## ਅੰਤਮ ਕ੍ਰਿਤੀ ਉਸਤਾਦ ਵਲਾਇਤ ਖਾਂ

੧੧.੪੦ ਹੋ ਗਏ, ਰਾਤ ਅਗਲੇ ਦਿਨ ਦਾ ਭਾਗ ਬਣਨ ਵਾਲੀ ਸੀ। ਨਮਸਕਾਰ ਕਰਨ ਆਏ ਉਸਤਾਦ ਵਲਾਂਇਤ ਖਾਂ, ਇਹਨਾਂ ਦੇ ਲੜਕੇ ਸ੍ਰੀ ਸੁਜਾਤ ਅਤੇ ਫਿਰ ਉਸਤਾਦ ਅੱਲਾ ਰੱਖਾ ਸਾਹਿਬ ਦੇ ਗਲੇ ਹਾਰ ਪਹਿਨਾਕੇ ਇਹਨਾਂ ਨੂੰ ਮਾਣ ਬਖਸ਼ਿਆ। ਪਹਿਲੇ ਦੋਹਾਂ ਦੀ ਨਮਸਕਾਰ ਪਰਵਾਨ ਕਰਕੇ ਜਦੋਂ ਤੀਜੇ ਨੇ ਹੱਥ ਜੋੜੇ ਤਾਂ ਸਤਿਗੁਰੂ ਜੀ ਉਨ੍ਹਾਂ ਦੇ ਹਥ ਫੜ ਕਹਿਣ ਲਗੇ : ਤੁਸੀਂ ਤਾਂ ਆਪਣੇ ਆਪਣੇ ਲਗਦੇ ਓ।

ਕਲਾਕਾਰਾਂ ਨੇ ਸਾਜ਼ ਸੁਰ ਕਰਦਿਆਂ ੫ ਮਿੰਟ ਘੱਟ ੧੨ ਵਜਾ ਦਿਤੇ।

ਖਾਂ ਸਾਹਿਬ ਅਤੇ ਉਨ੍ਹਾਂ ਦੇ ਲੜਕੇ ਨੇ ਮਾਲਕੌਂਸ ਦੀਆਂ ਸੁਰਾਂ ਛੇੜੀਆਂ। ਸਿਤਾਰਾਂ ਦੁਆਰਾ ਪਿਤਾ ਪੁਤਰ ਗੁੰਨ੍ਹ ਗੁੰਨ੍ਹ ਕੇ ਸੁਰਾਂ ਕਢਦੇ ਸਰੋਤਿਆਂ ਨੂੰ ਮੁਗਧ ਕਰ ਰਹੇ ਸਨ। ਹਾਲ ਵਿਚ ਤਿਲ ਧਰਨ ਨੂੰ ਥਾਂ ਨਹੀਂ। ਅਲ ਖ਼ਾਮੋਸ਼ੀ ਦਾ ਮਾਹੌਲ ਹੈ। ਕੇਵਲ ਮਾਲਕੌਂਸ ਦੀਆਂ ਸੁਰਾਂ ਦੀ ਸਰਦਾਰੀ ਹੈ। ਵਲਾਇਤ ਖਾਂ ਦਿਲ ਦੀਆਂ ਗੱਲਾਂ ਸਿਤਾਰ ਨਾਲ ਕਰਦੇ ਹਨ। ਅਤੇ ਸਾਰੇ ਪਾਸੇ ਲੋਕੀਂ ਸੁਰ ਸਰਿਤਾ ਵਿਚ ਵਹਿੰਦੇ ਕਦੇ ਡੁਬਦੇ ਕਦੇ ਤਰਦੇ ਹਨ। 'ਵਾਹਵਾ', 'ਕਿਆ ਬਾਤ ਹੈ' ਤੇ ਤਾਲੀਆਂ ਨਾਲ ਪ੍ਰਸੰਸਾ ਬਾਰ ਬਾਰ ਉਠਦੀ ਹੈ।

ਸਿਤਾਰ ਦਾ ਬਾਦਸ਼ਾਹ ਮੂਡ ਵਿਚ ਹੈ, ਮੌਜ ਵਿਚ ਹੈ। ਉਹ ਆਪਣੇ ਸਰੋਤਿਆਂ ਨਾਲ ਸੁਰ ਦੀ ਭਾਸ਼ਾ ਨਾਲ ਗੱਲਾਂ ਕਰ ਰਿਹਾ ਹੈ। ਗੱਲਾਂ ਵੀ ਕਈ ਪਰਕਾਰ ਦੀਆਂ। ਕਦੇ ਨਖ਼ਰੇ ਨਾਲ, ਕਦੇ ਨਮਰਤਾ ਨਾਲ, ਕਦੇ ਤੇਜ਼ੀ ਵਿਚ, ਕਦੇ ਕੋਨ ਗੋਸ਼ੇ ਵਿਚ। ਛੋਟੀ ਉਮਰ ਵਿਚ ਮੋਟਾ ਸੁਜਾਤ ਆਪਣੇ ਪਿਤਾ ਦੇ ਪਿਛੇ ਪਿਛੇ ਚਲਣ ਦੀ ਕੋਸ਼ਸ਼ ਕਰ ਰਿਹਾ ਹੈ।

ਸ੍ਰੀ ਅਰਵਿੰਦ ਪਾਰਖ ਜੋ ਇਕ ਤਕੜਾ ਸਨਅਤਕਾਰ ਹੈ ਪਰ ਸੰਗੀਤ ਨਾਲ ਵੀ ਜਿਸਦਾ ਬੇ-ਹਦ ਪਿਆਰ ਹੈ। ਸਿਤਾਰ ਵਿਚ ਖਾਂ ਸਾਹਿਬ ਦੇ ਸ਼ਾਗਿਰਦਾਂ ਵਿਚੋਂ ਸ਼ਾਹ ਸਵਾਰ ਹੈ। ਆਪਣੇ ਉਸਤਾਦ ਨਾਲ ਤਾਨਪੂਰਾ ਲੈ ਕੇ ਬੈਠਾ ਹੋਇਆ ਹੈ।

ਖਾਂ ਸਾਹਿਬ ਦੀ ਸਿਤਾਰ ਉਨ੍ਹਾਂ ਦੀਆਂ ਖਿਚਾਂ ਦੀ ਮਾਰ ਨਹੀਂ ਝਲ ਸਕੀ। ਟੁਟ ਗਈ ਹੈ ਤਾਰ। ਨਾਲ ਬੈਠੇ ਇਕ ਹੋਰ ਸ਼ਾਗਿਰਦ ਨੇ ਛੇਤੀ ਹੀ ਮੁਖ ਤਾਰ ਫਿਰ ਚੜ੍ਹਾ ਦਿਤੀ ਹੈ। ਸੁਰਾਂ ਦਾ ਨਿਖਾਰ ਵਿਸਤਾਰ ਫਿਰ ਜਾਰੀ ਹੋ ਗਿਆ ਹੈ।

ਅੱਲਾ ਰੱਖਾ ਜੀ ਦੀਆਂ ਥਾਪਾਂ ਨੇ ਜਿਉਂ ਹੀ ਗਤੀ ਵਿਚ ਹੋਰ ਤੇਜ਼ੀ ਲਿਖਾਂਦੀ ਖਾਂ ਸਾਹਿਬ ਸਿਤਾਰ ਦੇ ਬੋਲਾਂ ਨਾਲ ਗਾਉਣ ਵੀ ਲਗ ਪਏ। ਗਾਉਣ ਵਿਚ ਮਿੱਠਤ ਵੀ ਸੀ, ਨਖ਼ਰਾ ਵੀ ਅਤੇ ਉਤਕੰਠਾ ਵੀ।

੧.੧੦ ਹੋ ਗਏ ਹਨ। ਬਾਹਰ ਅੱਧੀ ਰਾਤ ਹੈ। ਅੰਦਰ ਅਗਲੀ ਸਵੇਰ ਦੀ ਆਗਾਜ਼ ਹੈ। ਸਰੋਤੇ ਵਾਦਕਾਂ ਦੀ ਕ੍ਰਿਤ ਸੁਣਨ ਵਿਚ ਪੂਰੀ ਤਰ੍ਹਾਂ ਰੁਝੇ ਹੋਏ ਹਨ। ਕਿਸੇ ਨੂੰ ਕਿਸੇ ਤਰ੍ਹਾਂ ਦੀ ਕਾਹਲੀ ਨਹੀਂ। ਇਕੋ ਕਾਹਲੀ ਹੈ ਕਿ ਵਧ ਤੋਂ ਵਧ ਰਸ ਸੰਗ੍ਰਹਿ ਕੀਤਾ ਜਾਵੇ। ਪਤਾ ਹੀ ਨਾ ਲਗਾ ਕਦੋਂ ੨.੧੦ ਹੋ ਗਏ। ਪਿਉ ਪੁੱਤਰ ਨੂੰ ਥਕਾਵਟ ਵੀ ਨਹੀਂ, ਸਰੋਤੇ ਵੀ ਜੰਮਕੇ ਬੈਠੇ ਹੋਏ ਹਨ। ਪਿਛਲੇ ਪੌਣੇ ਘੰਟੇ ਤੋਂ ਬਿਹਾਗੀ ਦੀ ਧੁਨ ਵਜ ਰਹੀ ਹੈ। ਪਿਤਾ-ਪੁੱਤਰ ਤਾਂ ਵਾਰੀਆਂ ਦੇ ਹੀ ਰਹੇ ਹਨ, ਅੱਲਾ ਰੱਖਾ ਜੀ ਨੂੰ ਵੀ ਕਦੇ ਕਦੇ ਸੋਲੋ ਵਾਦਨ ਦਾ ਸਮਾਂ ਮਿਲ ਜਾਂਦਾ ਹੈ।

ਜਿਨ੍ਹਾਂ ਨੂੰ ਇਸ ਤੋਂ ਪਿਛੋਂ ਗੱਡੀ ਕੋਈ ਨਹੀਂ ਮਿਲਣੀ ਉਹ ਉਠ ਕੇ ਕਿਰਨਮ-ਕਿਰਨੀ ਖਿਸਕਣ ਲਗੇ ਤਾਂ ਵੀ ਪੰਡਾ ਹਾਲ ਅਜੇ ਵੀ ਸਰੋਤਿਆਂ ਦੁਆਰਾ ਸੁਸ਼ੋਭਤ ਹੈ। ਸ੍ਰੀ ਸਤਿਗੁਰੂ ਜੀ ਹਰ ਤਰ੍ਹਾਂ ਸੁਚੇਤ ਪ੍ਰਬੰਧਕਾਂ ਨਾਲ ਵੀ ਕਦੇ-ਕਦੇ ਨਿਪਟ ਲੈਂਦੇ ਹਨ ਪਰ ਖਾਂ ਸਾਹਿਬ ਦੀ ਸਿਤਾਰ ਉਨ੍ਹਾਂ ਦਾ ਸੁਆਦ ਹੈ। ਸੁਰਾਂ ਵਜ ਰਹੀਆਂ ਹਨ : ਡਾਂ ਡਾਂ, ਡਾਂ, ਡਾਂ ਡਾਂ, ਡਾਂ ਡਾਂ ਡਾਂ, ਡਾਂ ਡਾਂ ਡਾਂ ਡਾਂ। ੨.੪੫ ਹੋ ਗਏ। ਸਿਤਾਰ ਵਜ ਰਹੀ ਹੈ। ਹੁਣ ਪੁੱਤਰ ਮਦਦ ਨਹੀਂ ਕਰ ਰਿਹਾ। ਉਹ ਸਿਤਾਰ ਛਡ ਕੇ ਅਮਨ ਨਾਲ ਬੈਠਾ ਹੋਇਆ ਹੈ। ਖਾਂ ਸਾਹਿਬ ਨੇ ਸ਼ੁਧ ਭੈਰਵੀ ਸ਼ੁਰੂ ਕਰ ਦਿਤੀ ਹੈ।

ਲਓ ੩ ਵਜ ਗਏ। ਵਲਾਇਤ ਖਾਂ ਜੀ ਨੇ ਦਰੁਤ-ਅੰਤ ਕਰ ਦਿਤਾ। ਸਭਾ ਸੰਪੂਰਣ ਹੋ ਗਈ। ਪਰਦਾ ਡਿਗ ਪਿਆ। ਸਤਿਗੁਰੂ ਜੀ ਦੇ ਸ਼ਾਸਤਰੀ ਸੰਗੀਤ ਦੇ ਏਸ ਉਦਮ ਦੀ ਪ੍ਰਸੰਸਾ ਕਰਨ ਲਈ ਸ੍ਰੀ ਹਜ਼ੂਰ ਵਲ ਲੋਕ ਉਮਡ ਪਏ : ਆਖਦੇ ਹਨ : ਆਪਨੇ ਬੜਾ ਉਪਕਾਰ ਕੀਤਾ ਏ। ਬੰਬਈ ਦੀ ਆਮ ਜਨਤਾ ਨੂੰ ਸੰਗੀਤ ਦਾ ਲੰਗਰ ਦੇ ਦਿਤਾ ਜੇ।...ਕਲਾਕਾਰਾਂ ਨਾਲ ਖਲਿਹਾਰ ਕੇ ਸਤਿਗੁਰੂ ਜੀ ਦੇ ਫੋਟੋ ਉਤਾਰੇ ਜਾ ਰਹੇ ਹਨ।

(ਚਲਦਾ)



Sri Satguru Jagjit Singh Ji Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**Phones :** Office : 258411
" : 250345
Resi. : 213054

**PLEASE CONTACT**

# Namdhari Ageneies

2/2068 GHAH ANDARA, (Behind Jubilee Cinema)
CHANDNI CHOWK, DELHI-110006.





Sri Satguru Jagjit Singh Ji Elibrary NamdhariElibrary@gmail.com

Registered NW/JL—'7 MONTHLY WARIAM November, 1983
Registered with the registerar of News Papers for India No. 26453 75

*WITH BEST COMPLIMENTS FROM :*

# *Harbhajan Sarbjeet & Associates*

*ENGINEERS & CONTRACTORS*

*Head office :*
*551 GHA/5 Rama Street,*
*Alam Bagh LUCKNOW-226005*
*Phone : 51510.*

*Administ ative office :*
*306-N-1-SECTOR-C CI CO*
*NEW AURANGABAD-431003*
*Grams : NAMDHARI*
*Phone : 3587.*

**Major works completed :-**

Construction of Earth work, bridges Deep rock cutting & Tunnels of third ghat line in between Kasara-Igatpuri and Karjat-Lonavla sections of Central Railway-Bombay
Costing Rs 2 84 Crores

Construction of Earth work in Deep rock cutting for foundations of Thermal Power Station of Rajasthan State Electricity Board Kota (Rajasthan)
Costing Rs 1 76 Crores

Construction of Paithan Right Bank Canal & C. D. works of Jayakwadi Project Aurangabad (Maharashtra)
Costing Rs. 4 10 Crores

**Major work in hand :-**

Construction of barrage across Godavari river and C.C. Pump House at Vishnupuri Project Nanded (Maharashtra)
Costing Rs 12 65 Crores

Construction of 2 Km long Waranga Tunnel and Isapur Right Bank Canal of Upper Penganga Project Nanded (Maharashtra)
Costing Rs 3 41 Crores

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com